ਗਰ ਮੈ ਜੇਵਰ ਪਾਇ ਕੈ ਗ੍ਰਿਹ ਕੀਯੋ ਖਰਾਬ ।। 31 ।।

Sri Satguru Jagjit Singh Ji eLibrary NamdhariElibrary@gmail.com

ਚੌਪਈ :- ਦਸ ਨਖੂਨ ਮੈ ਕਿਲ ਦਸ ਮਾਰੈ ॥
ਤਾਮੈ ਰਸਰੀ ਬਾਧ ਸਵਾਰੇ ॥
ਨਾਕ ਮਾਹਿ ਤਹਿ ਡਾਰ ਨਕੇਲ ॥
ਸੁਤਰ ਸ਼ਮਾਨ ਸੁ ਤਾਕੋ ਪੇਲ ॥ 32 ॥

ਕੌਡੀ ਕੌਡੀ ਮਾਂਗ ਬਜਾਰ ॥
ਮਰਕਟ ਸਮ ਫਿਰ ਹੈ ਹਟ ਸਾਰ ॥
ਮਾਥ ਹਾਥ ਧਰ ਕਰੋ ਸਲਾਮ ॥
ਤਉ ਤੁਮ ਕੰਦੇਵੈ ਹਮ ਦਾਮ ॥ 33 ॥

ਕਰੈ ਹਕੂਮਤ ਜਿਸੇ ਬਜਾਰ ॥
ਤਿਸ ਮਹਿ ਅਬ ਫਹਿ ਭਯੋ ਖਵਾਰ ॥
ਆਏ ਮੰਹਿ ਤਹਿ ਡਾਰ ਸੁ ਲੂਨ ॥
ਸੋ ਦੇਵੇ ਥਾਵਨ ਕੋ ਚੂਨ ॥ 34 ॥

ਦੋਹਰਾ :- ਜਹਿ ਮਾਰਗ ਨਿਤ ਆਵਤੋ ਹੇਗੈ ਰਥ ਹਸਵਾਰ ॥
ਮੁਖ ਕਾਰਾ ਰਾਸ ਬਚੜਾ ਦੇਖਤ ਪੁਰਖ ਸੁ ਨਾਰ ॥ 35 ॥

ਸਖੀਆ ਛੰਦ : ਚੜ ਸੀਸ ਮੰਦਰ ਦੇਖ ਤਿਨ ਕੋ
ਰੋਤ ਭੀ ਤਹਿ ਨਾਰ ਹੈ ॥
ਕਹਿ ਰਹੀ ਤੁਹਿ ਕੋ ਸਮ ਕੰਤਾਂ
ਗੁਰ ਸਾਧ ਨਾਹਿੰ ਵਿਗਾਰ ਹੈ ॥
ਮਨ ਮਾਹ ਕਰ ਹੰਕਾਰ ਧੰਨ ਕੇ
ਕਹਿਓ ਨਹਿ ਚਿਤ ਆਨਿਓ ॥
ਗਲ ਡਾਰ ਅੰਚਰ ਰਗਰ ਮਾਥੋ
ਰਹੀ ਤੋਹ ਰਹੀ ਨਹ ਮਾਨਿਓ ॥ 36 ॥

ਦੁਰ ਦਸਾ ਦੇਖਤ ਭਈ ਭਰੜਾ
ਕਰਨ ਹੈ ਵਿਰਲਾਪ ਹੀ ॥
ਗੁਰ ਲਾਗ ਚਰਨੰ ਪਕੜ ਸਰਨੇ
ਤਹਿ ਦੈ ਨਹਿ ਸੰਤਾਪ ਹੀ ॥
ਹੋਨਹਾਰ ਬਲਵਾਨ ਪਾਵੀ
ਹਿਰਦੈ ਜਿਨ ਕੈ ਵਾਸਿਜੇ ॥
ਸਭ ਨਿਹਫਲੰ ਉਪਾਵ ਤਿਨ ਕੈ
ਪ੍ਰਿਥਮ ਬੁਧ ਘਟ ਨਾਸਿਐ ॥ 37 ॥

Sri Satguru Jagjit Singh Ji eLibrary NamdhariElibrary@gmail.com

ਦੁਰ ਦਸ਼ਾ ਹੇਰ ਸੁ ਰੋਤ ਹੈ ਮਿਲ
ਮਹਿਲ ਮਹਿ ਤਹਿ ਨਾਰੀਯਾ ॥
ਕਰੇ ਜੋਰ ਅੰਚਰ ਡਾਰ ਗਰੀਵਾ
ਕਰੀ ਬਿਨਤੀ ਸਾਰੀਯਾਂ ॥
ਗੁਰੂ ਪੂਰਨ ਜਗ ਤਾਰਨ
ਕਉ ਆਇਓ ਸੰਸਾਰ ਹੈ ॥
ਕਹਿ ਰਹੀ ਕੰਤਾ ਮਾਨ ਮੇਰੀ
ਨਹਿ ਗੁਰੂ ਸਾਥ ਬਿਗਾਰ ਹੈ ॥ 38 ॥

ਇਹ ਪੂਰਣੋ ਜਗ ਪੁਰਖ
ਆਇਓ ਨਿਗਰ ਆਗਮ ਜਾਨਿਐ ॥
ਕਲ ਤਾਰਨੈ ਸੰਸਾਰ ਸਾਗਰ
ਬੋਹਿਤੋ ਇਹ ਮਾਨਿਐ ॥
ਪੂਰਬੰ ਪੁਕਾਰ ਦੇਵਨ
ਕਰੀ ਰਿਖ ਮੁਨ ਜਾਇਕੈ ॥
ਜਹਿ ਖੀਰ ਸਾਗਰ ਭਖਿਯੇ
ਸਭ ਰਹੇ ਧਿਯਾਨ ਲਗਾਇਕੇ ॥ 39 ॥

ਮੰਦੋਦਰੀ ਜਿਮਰਾਵਣੰ ਗਹਿ
ਰਹੀ ਚਰਨ ਪੁਕਾਰ ਹੈ ॥
ਰਘਬੀਰ ਜਗ ਰਨਧੀਰ
ਆਏ ਸੇਤ ਸਾਗਰ ਪਾਰ ਹੈ ॥
ਨਹ ਨਾਰ ਕੋ ਤਹਿ ਬਚਨ
ਮਾਨਾ ਭਯੋ ਅੰਤ ਵਹਿ ਖੁਵਾਰ ਹੀ ॥
ਪੁਤਰ ਪੋਤਰ ਸਭ ਸੰਘਾਰੇ
ਭਈ ਲੰਕ ਨਗਰੀ ਛਾਰ ਹੀ ॥ 40 ॥

ਦੋਹਰਾ :- ਇਤ ਆਦਕ ਬਹੁ ਕੀਰਨੈ ਕਰੈ ਸੁ ਬਹੁਤ ਪੁਕਾਰ ॥
ਦੇਖ ਦੇਖ ਨਿਜ ਕੰਤ ਕੇ ਰੋਵਤ ਬਦਨ ਪਸਾਰ ॥ 41 ।

ਚੌਪਈ :- ਇਸੀ ਭਾਂਤ ਬਡ ਕਸਟ ਸੁ ਪਾਈ ॥
ਅਰੈ ਕਿਰਪ ਬਹੁ ਦੇਹ ਸੁਮਾਹੀ ॥
ਦਿਰਗ ਭਏ ਅੰਧ ਸਰਵਨ ਤੇ ਡੋਰਾ ॥
ਕਰ ਬਲ ਹੀਨ ਪਾਵ ਤੇ ਖੋਰਾ ॥ 42 ॥

Sri Satguru Jagjit Singh Ji eLibrary NamdhariElibrary@gmail.com

ਜੋ ਕੁਠਿਆਰੋ ਰੇਤ ਤਪਾਵੈ ॥
ਗੁਰ ਅਰਜਨ ਰੇਤ ਕੇ ਵਿਛਾਵੈ ॥
ਤਿਜ ਕੇ ਆਨ ਖੜਾ ਸੁ ਦਵਾਰੈ ॥
ਰਿਸ ਕਰ ਤਾਹਿ ਸੁ ਕਰਛਾ ਮਾਰੈ ॥ 43 ॥

ਵਖ ਅਸਥਲ ਤਿਸ ਲਾਗੋ ਜਾਇ ॥
ਤਤ ਛਿਨ ਗਏ ਸ ਪਰਾਨ ਪਗਾਇ ॥
ਗੁਰ ਦੇਖੀ ਕੋ ਇਹ ਭਯੋ ਹਾਲ ॥
ਜਾਨਤ ਜੁਵਾ ਬਿਰਧ ਸਭ ਬਾਲ ॥ 44 ॥

ਹਰ ਗੁਬਿੰਦ ਪਰਤ ਸਿਖਣ ਗਾਈ ॥
ਮੁਯੋ ਦੁਸਟ ਗੁਰ ਲੇਹ ਵਧਾਈ ॥
ਗੰਦੀ ਖਾਈ ਦੀਯੋ ਸੁਜਾਇ ॥
ਦੇਖੋ ਕਰਮ ਗਤੀ ਫਲੀ ਆਇ ॥ 45 ॥

ਦੋਹਰਾ :- ਬਾਦਸਾਹ ਕੋ ਸਤਿਗੁਰੂ ਮੋਤੀ ਦਏ ਸੁ ਪਾਸ ॥
ਜੋ ਹਜਰਤ ਕੇ ਧਾਮ ਮੈ ਭਏ ਨ ਹੋਇ ਅਵਾਸ ॥ 46 ॥

ਬਾਦਸਾਹਿ ਗੁਰ ਪਰ ਕਹਾ ਚਾਰ ਘਰੀ ਕਾ ਚੋਰ
ਨਹਿ ਤਾਲਕ ਕੁਛ ਮੁਝ ਅਹੈ ਬਖਸੋ ਅਪਨੀ ਓਰ ॥ 47 ॥

ਗੁਰ ਅਰਜਨ ਜਬ ਮੁਹਿ ਮਿਲੈ ਚਾਰ ਘੜੀ ਰਲ ਬੈਠ ॥
ਆਪਸ ਮੈ ਕੁਛ ਬਾਤ ਕਰ ਸੰਮਨ ਮਾਹਿ ਅਕੈਠ ॥ 48 ॥
ਸੋ ਗੁਨਾਹ ਬਡ ਮੁਝ ਭਯੋ ਗਈ ਬਾਤ ਮਮ ਭੂਲ ॥
ਚੰਦੂ ਗੁਰ ਕੋ ਲੇ ਗਇਓ ਰਹਾ ਯਾਦ ਨਹਿ ਮੂਲ ॥ 49 ॥

ਸ੍ਰੀ ਗੁਰ ਦਕਮਨ ਸੀਸ ਧਰ ਦਏ ਸੁ ਰਤਨ ਅਮੋਲ ॥
ਅਸਨ ਬਸਨ ਅਸ ਰਾਜ ਦਏ ਜਨ ਕੇ ਕਛੁ ਨ ਮੋਲ ॥

ਚੌਪਈ :- ਖੁਸੀ ਮਹਿਲ ਸਤਿਗੁਰ ਤਹਿ ਭਏ ॥
ਚਲਕਰ ਅਪਨੇ ਡੇਰ ਸੁ ਅਏ ॥
ਨਿਸਕੋ ਹੋਤ ਭਈ ਦਿਪ ਮਾਲ ॥
ਗ੍ਰਿਹ ਗ੍ਰਿਹ ਮੰਗਲ ਹੋਤ ਰਸਾਲ ॥ 51 ॥

ਦੋਹਰਾ :- ਸੁਧਾ ਸਰੋਵਰ ਕੋ ਚਲੇ ਸ੍ਰੀ ਗੁਰ ਅਲਖ ਅਭੇਵ ॥
ਮਿਲੇ ਆਨ ਨਿਜ ਮਾਤ ਕੋ ਹਰ ਗੁਬਿੰਦ ਗੁਰ ਦੇਵ ॥ 52 ॥

Sri Satguru Jagjit Singh Ji eLibrary NamdhariElibrary@gmail.com

ਜਥਾ ਬੁਧ ਮਮ ਅਲਪ ਮਤ ਕਹੀ ਸੁ ਗੁਰ ਕੀ ਸਾਖ ॥
ਭੂਲ ਜੁਕ ਤੁਮ ਬਖਸਿਓ ਕਵ ਜਨਸੰਤ ਸੁ ਆਖ ॥ 53 ॥

ਭਾਈ ਬੁਢੇ ਆਦ ਸਿਖ ਮਿਲੇ ਪਰੇਮ ਉਰ ਧਾਰ ॥
ਤਿਨ ਪਰ ਖੁਸੀ ਸੁ ਗੁਰ ਕਰੀ ਪੂਛੀ ਕੁਸਲ ਸੁ ਸਾਰ ॥ 54 ॥

ਪੂਰਨ ਭਯੋ ਪ੍ਰਸੰਗ ਇਹਿ ਚਲੀ ਕਹਾ ਅਬ ਔਰ ॥
ਸੁਨੋ ਗਾਥ ਗੁਰ ਦੇਵ ਕੀ ਚਿਤ ਰਾਖੇ ਇਕ ਠੌਰ ॥ 55 ॥

ਸ੍ਰੀ ਵਾਹ ਗੁਰੂ ਮੁਖ ਕਰੋ ਬਖਾਨ ॥
ਹਿਰਦੈ ਪਰ ਗੁਰ ਕੇ ਧਿਯਾਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 56 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਸ੍ਰੀ ਗੁਰ ਹਰ
ਗੋਬਿੰਦ ਜੀ ਕਾ ਦਿਲੀ ਪਹੰਚ ਕਰ ਬਾਦਸਾਹ ॥
ਸੇ ਮੇਲ ਅਤੇ ਚੰਦੂ ਸਵਾਹੀ ਬਧ ਕਰਨੋ
ਬਰਨਨੰ ਨਾਮ ਉਨਤਾਲਸਮੋ ਧਿਆਵ ਸਮਾਪਤੰ
ਮਸਤ ਸੁਭ ਮਸਤ ॥ 39 ।

—0—

Sri Satguru Jagjit Singh Ji eLibrary NamdhariElibrary@gmail.com

ਚਾਲੀਸਵਾਂ ਧਿਆਵ

ਦੋਹਰਾ :- ਗੁਰ ਚਰਨਨੰ ਕਰ ਬੋਹਤਾ ਭਵ ਨਿਧ ਉਤਾਰ ਸੁ ਪਾਰ ॥
ਨਿਸਚਾ ਦੀਜੈ ਦਾਸ ਕੋ ਕੀਜੈ ਬੁਧ ਸੁ ਸਾਰ ॥ 1 ॥

ਚੌਪਈ :- ਪ੍ਰਾਤ ਕਾਲ ਕਰ ਕੈ ਇਸਨਾਨ ॥
ਹਰਿ ਗੁਬਿੰਦ ਸ੍ਰੀ ਗੁਰ ਭਗਵਾਨ ॥
ਗਵਨ ਕੀਨੋ ਹਰਿ ਮੰਦਰ ਆਪ ॥
ਦਰਸਨ ਤੇ ਮਿਟ ਹੈ ਤਿਨ ਤਾਪ ॥ 2 ॥

ਕਰ ਕੜਾਹ ਭੇਟਾ ਅਰਦਾਸ ॥
ਸ੍ਰੀ ਗੁਰ ਗਰੰਥ ਅਗਰ ਧਰੀ ਤਾਸ ॥
ਦੀਨਨ ਕੋ ਦੀਨੋ ਤਿਹ ਦਾਨ ॥
ਸਾਧ ਸੰਗਤ ਬਡਿ ਅਨ ਸਨਮਾਨ ॥
ਊਚ ਨੀਚ ਕੀ ਕਰੀ ਸੰਭਾਲ ॥
ਦਾਸੀ ਦਾਸ ਸੈਨ ਜੋ ਪਾਲ ॥
ਸਭ ਕੀ ਬਿਰਥਾ ਸੁਨੀ ਸੁਨਾਈ ॥
ਕਪ ਭਾਲਕ ਜਿਮ ਰਘਪਤਿ ਗਾਈ ॥ 4 ॥

ਦੋਹਰਾ :- ਬੈਠੋ ਸਾਚੈ ਤਖਤ ਪਰ ਹਰਿ ਗੁਬਿੰਦ ਕਰਤਾਰ ॥
ਜਿਮ ਸੁ ਮੇਰ ਮੈ ਮਾਰਤੰਡ ਸੋਭਤ ਪਰਾਤ ਸੁ ਕਾਰ ॥ 5 ॥

ਸਤਿ ਸੰਗਤਿ ਸਭ ਸੂਰਬੀਰ ਬੈਠਤ ਬੀਚ ਦਿਵਾਨ ॥
ਗੁਰ ਮੂਰਤ ਵਿਚ ਸੀਸੀ ਸਮੇ ਉਡਗਨ ਕੇ ਮਧ ਜਾਨ ॥ 6 ॥

ਸੁਰ ਸਮੂਹ ਸੁਰ ਪੁਰੀ ਮੈ ਸੋਭਤ ਜਸ ਸੁਰ ਗਾਇ ॥
ਤਸ ਸੋਭਤ ਸ੍ਰੀ ਸਤਿ ਗੁਰੂ ਸੰਗਤਿ ਕੈ ਸੁਖਦਾਇ ॥ 7 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਦੇਸ ਦੇਸ ਲਿਖ ਹੁਕਮ ਪਠਾਇ ॥
ਸਭ ਸੰਗਤਿ ਪਿਰਤ ਅਸ ਅਲਾਇ ॥
ਸ੍ਰੀ ਗੁਰ ਆਨਸੁ ਕਰੋ ਦਿਦਾਰ ॥
ਜਨਮ ਮਰਨ ਮਿਟਿਐ ਦੁਖ ਸਾਰ॥

ਭਾਈ ਜੀ ਕੋ ਲਿਖਾ ਬਨਾਇ ॥
ਸਭ ਸੰਗਤਿ ਕੋ ਸੰਗ ਮਿਲਾਇ ॥
ਸ੍ਰੀ ਗੁਰ ਗਰੰਥ ਸਾਹਿਬ ਲੇ ਸੰਗ ॥
ਸ਼ੀਘਰ ਆਵਹੁ ਧਾਰ ਉਮੰਗ ॥ 9 ॥

ਸ੍ਰੀ ਗੁਰ ਦੇ ਅਸ ਸੁਣੇ ਸੁ ਬਚਨਾ ॥
ਸੰਗਤਿ ਸੰਗ ਲੇ ਚਲੇ ਸੁਰ ਚਿਨਾ ॥
ਸ੍ਰੀ ਗੁਰੂ ਗਰੰਥ ਸੁ ਲੀਨਾ ਸਾਥ ॥
ਗੁਰ ਦਰਸਨ ਕੋ ਚਲੇ ਸਨਾਥ ॥ 10 ॥

ਦੋਹਰਾ :- ਧੰਨ ਭਾਗ ਤਿਸ ਸਿਖ ਕੇ ਸ੍ਰੀ ਗੁਰ ਜਹ ਕਰੈ ਯਾਦਿ ॥
ਭੁਗਤਿ ਮੁਕਤਿ ਜੁਗਤੀ ਲਹ ਪਾਵੈ ਦਰਸ ਅਲਾਦਿ ॥ 11 ॥

ਨਿਰ ਜੁਰਸਰ ਮੈ ਜਬ ਅਏ ਗੁਰ ਕੋ ਕੀਨ ਦੇਦਾਰ ॥
ਚਰਨ ਕਮਲ ਗੁਰ ਅਗਰ ਤਬ ਧਰੀ ਅਕੋਰ ਸੁਧਾਰ ॥ 12 ॥

ਚੌਪਈ :- ਸ੍ਰੀ ਗੁਰ ਗਰੰਥ ਸਾਹਿਬ ਹੈ ਆਇਆ ॥
ਐਸੇ ਬਚਨ ਸੁ ਗੁਰ ਪਿਰਤ ਗਾਇਆ ॥
ਤਾ ਪਰਦੀ ਜੈ ਪਾਇ ਸੁ ਸਹੀ ॥
ਸ੍ਰੀ ਗੁਰ ਅਰਜਨ ਆਗਿਆ ਕਹੀ ॥ 13 ॥

ਜੋ ਜੋ ਆਗੈ ਹੁਇ ਅਵਤਾਰ ॥
ਤਿਨ ਕੀ ਸਹੀ ਪਵਾਵਹੁ ਸਾਰ ॥
ਸੁਨ ਕਰ ਸ੍ਰੀ ਗੁਰ ਹੁਕਮ ਸੁ ਕੀਨ ॥
ਈਹਾਂ ਗਰੰਥ ਸੁ ਲਿਆਇ ਪਰਬੀਨ ॥ 14 ॥

ਦੋਹਰਾ :- ਗੁਰ ਕੀ ਆਗਿਆ ਪਾਇਕੈ ਭਾਈ ਗਿੰਥ ਸੁ ਆਨ ॥
ਨਿਮਸਕਾਰ ਸਤਿ ਗੁਰ ਕਰੀ ਖੋਲਾ ਬੀਚ ਦਿਵਾਨ ॥ 15 ॥

ਚੌਪਈ :- ਗੁਰ ਅਰਜਨ ਕੀ ਸਹੀ ਨਿਹਾਰੀ ॥
ਦੋ ਕਰ ਜੋਰ ਸੁ ਬੰਦਨ ਧਾਰੀ ॥

Sri Satguru Jagjit Singh Ji eLibrary NamdhariElibrary@gmail.com

ਕਰ ਮੈ ਪਕਰ ਨਰਾਂਚ ਸੁ ਲਇਆ ॥
ਦਸਤਖਤਿ ਤਾ ਪਰ ਲਿਖ ਦਇਆ ॥ 16 ॥

ਸਤਿ ਨਾਮ ਪਵੜੀ ਜਪੁ ਆਦਿ ॥
ਸਹੀ ਪਾਇ ਦਈ ਗੁਰ ਪ੍ਰਸਾਦਿ ॥
ਭਾਈ ਜੀ ਜਾਵਹੁ ਤੁਮ ਖਾਰੇ ॥
ਸੰਗਤਿ ਕੋ ਚਲ ਦੇਹੁ ਦਿਦਾਰੇ ॥ 17 ॥

ਦੋਹਰਾ :- ਲਖੂ ਨਿਰਖਾ ਸਤਿ ਗੁਰ ਸੁੰਦਰ ਬੰਡੋ ਜੁਵਾਨ ॥
ਭਾਈ ਬੰਨੋ ਪਿਰਤ ਤਬੈ ਐਸੇ ਕਰਾ ਬਖਾਨ ॥ 18 ॥

ਚੌਪਈ :- ਲਖੂ ਸੁਤ ਤੁਮਰੇ ਜੋ ਭਾਈ ॥
ਸੋ ਮੋਕ ਦੀਜੋ ਸੁਖਦਾਈ ॥
ਤੁਰਕਨ ਸਿਉ ਕਰਨੋ ਹਮ ਜੋਧਾ ॥
ਮਾਰ ਮਲਛ ਧਾਰ ਕਰ ਕਰੁਧਾ ॥ 9 ॥

ਇਹ ਹੈ ਆਛੋ ਖੂਬ ਜਵਾਨਾ ॥
ਤੁਰਕਨ ਮਾਰ ਸੁ ਕਰ ਵੇ ਰਾਨਾ ॥
ਭੁਜਾ ਪਕਰ ਸਤਿ ਗੁਰ ਰਖ ਲਇਓ ॥
ਸਸਤਰ ਬਸਤਰ ਘੋਰਾ ਤਿਹ ਦਇਓ ॥ 20 ॥

ਛਪੈ ਛੰਦ :- ਜਨਨੀ ਜਨੈ ਕੇ ਭਗਤ ਸੂਰ ਕੋ ਦਾਤਾ ਹੋਈ ॥
ਕੁਲ ਕਾ ਕਰੇ ਉਧਾਰ ਜਗਤ ਜਸ ਪਾਵੈ ਸੋਈ ॥
ਰਣਿ ਮਹਿ ਜੂਝੈ ਸੁ ਜਾਇ ਸੁਖ ਵਾਹਿ ਸੁਰ ਪੁਰ ਪਾਵੈ ॥
ਅੰਗ ਅੰਗ ਸਹੈ ਘਾਵ ਅਸ ਜੋ ਸਨਮੁਖ ਖਾਵੈ ॥
ਜੈ ਜੈ ਕਰੈ ਸਮੂਹ ਸੁਰਮਾਤ ਲੋਕ ਜਸ ਗਾਵਈ ॥ 21 ॥

ਸਫਲ ਜਨਮ ਤਿਨਕੋ ਭਇਓ ਫਿਰ ਨਹ ਜੋਨ ਸੋ ਪਾਵਈ ॥
ਨਹ ਦਾਤਾ ਨਹ ਸੂਰ ਭਗਤਿ ਨਹ ਗਿਆਨੀ ਜਾਨੋ ॥
ਜਨਨੀ ਬਿਟਪ ਕੁਨਾਰ ਕਟਿ ਤਿਹ ਕਰਾ ਸੁਹਾਨੋ ॥
ਰੋਵਤ ਪਿਰਤ ਅਕਾਸ ਆਸ ਤਜ ਭਏ ਨਿਰਾਸੇ ॥
ਜਲ ਬਹੀਨ ਜਸ ਮੀਨ ਥਲੀ ਜਮ ਜੰਤ ਪਿਆਸੇ ॥
ਮੁਕਤ ਕੰਠ ਰੋਵਤ ਭਏ ਅਸਸੰਤਾਨ ਭੁਈ ਜਸਕੇ ॥
ਸੁਵਾਨ,ਸਿਆਲ ਸੂਕਰ ਸੁ ਕਾਂਕ ਗਰਪਪ ਭਲੋ ਸੁ ਤਾਸ ਤੇ ॥ 22॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਨਿਜ ਮੁਖ ਤੇ ਸ੍ਰੀ ਗੁਰ ਕਇਉ ਲਖੂ ਕੋ ਸਮਝਾਇ ॥
ਭਾਈ ਜੀ ਕੋ ਬਿਦਾ ਕਰ ਦਾਸ ਚਰਨ ਲਿਓ ਲਾਇ ॥ 23 ॥

ਚੌਪਈ :- ਸ੍ਰੀ ਗੁਰ ਗਰੰਥ ਲੈ ਭਾਈ ਆਏ ॥
ਲਖ ਪਤ ਗੁਰ ਚਰਨਨ ਪਰ ਛਾਇ ॥
ਆਗੇ ਕਥਾ ਸੁ ਤਾਸ ਉਚਾਰੋ ॥
ਸੁਨੋ ਸੰਤ ਮਨ ਤਨ ਤਿਹ ਧਾਰੋ ॥ 24 ॥

ਦੋਹਰਾ :- ਜੋ ਜੋ ਕੀਨੇ ਜੁਧ ਤਿਨ ਸੋ ਸੋ ਕਰੋ ਬਖਾਨ ॥
ਆਗੇ ਕਥਾ ਤਹ ਕਹੋ ਗਾ ਸੁਨੋ ਸੰਤ ਧਰ ਕਾਨ ॥ 25 ॥

ਚੌਪਈ :- ਸ੍ਰੀ ਸਤਿ ਗੁਰ ਕੀ ਕਥਾ ਬਿਅੰਤ ॥
ਬਰਨੈ ਸੈ ਸ਼ਨ ਪਾਵੈ ਅੰਤ ॥
ਕਛੁ ਪ੍ਰਸੰਗ ਗੁਰ ਕਾ ਸੁਨ ਲੀਜੈ ॥
ਹਇ ਅਕਾਮ ਤਾ ਮੈ ਚਿਤ ਦੀਜੈ ॥ 26 ॥

ਲਵ ਪੁਰ ਮੋ ਸਤਿ ਗੁਰ ਚਲਿ ਆਇ ॥
ਕਰੇ ਚੋਜ ਮਨ ਕੋ ਜੁ ਭਾਇ ॥
ਨਿਤ ਪਿਰਤ ਖੇਲੇ ਤਾਹ ਸਿਕਾਰ ॥
ਮਾਰੇ ਰੋਝ ਰੀਛ ਝੰਖਾਰਾ ॥ 27 ॥

ਕਬ ਹੀ ਬਾਦਸਾਹ ਸੰਗ ਜਾਵੇ ॥
ਕਬਿ ਹੁੰ ਆਪ ਅਕੇਲ ਸਿਧਾਵੈ ॥
ਬਾਦਸਾਹ ਗੁਰ ਸਿਉ ਕਹੀ ਐਸੇ ॥
ਮੁਝ ਕੋ ਲਖੋ ਦਾਸ ਸਮ ਤੈਸੈ ॥ 28 ॥

ਅਹਿਨਿਸ ਗੁਰਕਾ ਕਰੈ ਦਿਦਾਰੈ ॥
ਕਦਮੂ ਧਰ ਲੇ ਮਸਤਕ ਧਾਰੈ ॥
ਅਦਿ ਕਦੀਮੀ ਦਾਸ ਪਛਾਨੋ ॥
ਸ੍ਰੀ ਗੁਰ ਬਾਬੇ ਗੁਰ ਕੇ ਜਾਨੋ ॥ 29 ॥

ਦੋਹਰਾ :- ਜੋ ਜੋ ਚੀਜ਼ ਦਿਸਾਵਰੀ ਬਾਦਸਾਹਾ ਗ੍ਰਹ ਜਾਨ ॥
ਸੋ ਸਭ ਗੁਰ ਪਿਰਤ ਭੇਜ ਕੈ ਸਫਲ ਜਨਮ ਕਰ ਮਾਨ ॥ 30 ॥

ਹਰਿ ਗੁਰ ਸਾਧ ਜੋ ਦੇਵਈ ਸਫਲ ਪਦਾਰਥ ਸੋਇ ॥
ਪਸੁ ਜਿਉ ਅਪਨੋ ਉਦਰ ਭਰ ਨਿਫਲ ਜਾਨ ਓਇ ॥ 31 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਜਿਹ ਮੰਦਰ ਮਾਹਿ ਸੰਤ ਨਿਵਾਸਾ ॥
ਸੋ ਬੇਕੁੰਠ ਸਮ ਅਹੈ ਅਵਾਸਾ ॥
ਜਿਹ ਮੰਦਰ ਹਰਿ ਨਾਮ ਨ ਹੋਈ ॥
ਭੂਤ ਪਰੇਤ ਨਰ ਮਰਹਟ ਹੋਈ ॥ 32 ॥

ਹਰਿ ਕ ਭਾਗ ਨਾ ਜਿਸੈ ਰਸੋਈ ॥
ਕਿਰਮ ਸਮਾਨ ਅਸਨ ਵਹ ਹੋਈ ॥
ਜੋ ਸਿਰ ਨਿਵੈ ਨ ਹਰ ਗੁਰ ਚਰਣੀ ॥
ਰਸਨ ਉਚਾਰਤ ਨਹ ਹਰ ਕਰਣੀ ॥ 33 ॥

ਕਰ ਸਿਉ ਕਰੀਨ ਸੰਤਨ ਸੇਵ ॥
ਪਰ ਉਪਕਾਰ ਚਰਨਨ ਨਹ ਦੇਵ ॥
ਸੋ ਜਾਨੋ ਸਿਮਲ ਕੋ ਮੂਲ ॥
ਫਲ ਮਹਿ ਰਸ ਪਹ ਵਾਸਨ ਫੂਲ ॥ 34 ॥

ਦੋਹਰਾ :- ਮਾਨਸ ਜਨਮ ਕੋ ਪਾਇ ਕੈ ਕਰੈ ਨ ਪਰ ਉਪਕਾਰ ॥
ਸੋ ਪਰਾਨੀ ਨਿਹਫਲ ਲਖੋ ਬੈਤ ਬਾਂਸ ਸਮ ਧਾਰ ॥ 35 ॥

ਚੌਪਈ :— ਏਕ ਸਮੈ ਕੀ ਸੁਨੋ ਗੁਰ ਕਥਾ ॥
ਬਰਨਨ ਕਰੋ ਸੁਨੀ ਮਮ ਜਥਾ ॥
ਰਾਜ ਗਰਾਹ ਤੇ ਰਾਖਿਓ ਜੈਸੇ ॥
ਦਰਪੁਤ ਸੁਤਾ ਰਾਖੀ ਲਜ ਤੈਸੇ ॥ 36 ॥

ਪਰਹਲਾਦ ਭਗਤ ਕੀ ਕਰੀ ਸਹਾਇ॥
ਐਸੋ ਹੀ ਅਬ ਕਰੋ ਨਿਰਬਹਿ ॥
ਮਾਝੈ ਬੀਚ ਨਗਰ ਇਕ ਅਹੈ ॥
ਭੇਰਾਣਾ ਨਾਮ ਤਾਸ ਜਗ ਕਹੈ ॥ 37 ॥

ਮਾਈ "ਗੋਲਾ" ਗੁਰਕੀ ਪਿਆਰੀ ॥
ਤਿਸ ਨਗਰੀ ਮੈ ਵਸੈ ਵਿਚਾਰੀ ॥
ਗੁਰ ਸਿਖਨ ਕੀ ਟੈਹਲ ਸੁ ਕਰੈ ॥
ਨਿਸ ਦਿਨ ਨਾਮ ਸ ਮਖੋ ਉਚਰੈ ॥ 38 ॥

ਦੋਹਰਾ :— ਜਨਨੀ ਜਨਕ ਸੁ ਤਾਸ ਕੈ ਸ੍ਰੀ ਗੁਹ ਕੇ ਸਿਖਨ ਜਾਨ ॥
ਕਰਮ ਕਾਲ ਪਰਾਲ ਭਤ ਵਸ ਸੋ ਸਰਵਰ ਗ੍ਰਿਹ ਆਨ ॥ 39 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਦਹਿ ਆਹ ਪੀਰ ਮੁਰੀ ਦਿਏ ਨਹ
ਜਪੈ ਗੁਰ ਗੁਰ ਕੋ ਨਾਮ ਹੈ ॥
ਨਿਤ ਜਜੈ ਸੇਖ ਸਹੀਦ ਪੀਰਨ
ਪਜ ਕਰ ਉਨ ਕਾਮ ਹੈ ॥
ਤਿਸ ਨਾਮ ਮੇਲੂ ਭਇਓ ਭਰਤਾ
ਪਰਾ ਪੂਰਬ ਜੋਗ ਹੀ ॥
ਰਵਿ ਗਹੁ ਸਸੀ ਜਿਮ ਭੇਤ ਗਰਸ
ਹੈ ਤਸ ਜਾਨ ਵਹ ਸੰਜੋਗ ਹੀ ॥ 40 ॥

ਜਸ ਗਉ ਰਾਸ ਸਭ ਏਕਠ
ਫੁਨ ਅਜਾ ਬਿਕਸੁ ਜਾਨਿਐ ॥
ਅਹ ਵੈਨ ਤੇ ਘਟ ਪਾਥਰੰ
ਅਸ ਰੀਤ ਤਿਨ ਕੀ ਜਾਨਿਐ ॥
ਵਹ ਜਪੈ ਨਿਤ ਪਰਤ ਨਾਮ ਗੁਰ
ਕੋ ਕਰੈ ਸੰਤਨ ਸੇਵ ਹੀ ॥
ਬਡ ਭਾਗ ਮਾਨੈ ਆਪਨੋ ਗੁਰ
ਸਿਖ ਜਾਨ ਅਭੇਵ ਹੀ ॥

ਦੋਹਰਾ :— ਧਰਤੀ ਕੋ ਪਤ ਇੰਦਰ ਜਿਉ ਪੁਜਾ ਪਤਿ ਨਿਰਪ ਜਾਨ ॥
ਅਬਲਾ ਗੁਰੂ ਭਤਾਰ ਹੈ ਬੇਦ ਸੁ ਕਰੇ ਬਖਾਨ ॥ 42 ॥

ਚੌਪਈ :— ਪਤਿ ਬਰਤ ਭਾਵ ਸੁਗ ਖੈ ਚੀਤ ॥
ਭਰਤਾ ਕੇ ਚਰਨਨ ਸਿਉ ਪਰੀਤ ॥
ਜਦਪ ਮਿਲਤ ਸੁ ਨਾਹ ਸੁ ਭਾਵ ॥
ਤਦਪ ਭਰਤਾ ਤਿਸ ਕਾ ਆਵ ॥ 43 ॥

ਦੋਹਰਾ :— ਇਸਤਰੀ ਕੀ ਗਤਿ ਸੁ ਵਾਮ ਤੇ ਅਵਰ ਉਪਾਵ ਨ ਕੋਇ ॥
ਸੇਵਾ ਤੇ ਨਿਸ ਤਾਰ ਹੈ ਵੇਦ ਸੰਤ ਕਹਿ ਲੋਇ ॥ 44 ॥

ਐਸ ਵਿਚਾਰ ਚਿਤ ਮੈ ਧਰੈ ॥
ਭਰਤਾ ਸੇਵ ਸੋ ਨਿਤ ਕਰੈ ॥
ਏਕ ਸਮੇ ਭੋਜਨ ਤਿਨ ਕੀਨੋ ॥
ਭਰਤਾ ਕੇਰ ਸਮੈ ਚਿਤ ਦੀਨੋ ॥ 45 ॥

Sri Satguru Jagjit Singh Ji eLibrary NamdhariElibrary@gmail.com

ਅਸਨ ਛਾਜ ਕੋ ਸੀਸ ਸ ਕੇਲ ॥
ਗਰਹ ਤੇ ਨਿਕਸੀ ਭਇਓ ਸੁ ਖੇਲ ॥
ਆਗੇ ਤੇ ਸਾਧੂ ਦੁਇ ਆਏ ॥
ਮਾਈ ਤਿਨ ਕੋ ਸੀਸ ਨਿਵਾਇ ॥ 46 ॥

ਭੋਜਨ ਕੀ ਪੂਛੀ ਤਿਨ ਬਾਤ ॥
ਅਚੋਰ ਸੋਈ ਸੰਤ ਸੁ ਹਾਤ
ਸਤ ਬਚਨ ਸੰਤਨ ਤਬ ਕੀਨੋ ॥
ਸੰਗ ਲਿਜਾਇ ਅਸਨ ਤਿਹ ਦੀਨੋ ॥ 47 ॥

ਕਰ ਅਰਦਾਸ ਸੰਤ ਚਲਿ ਗਏ ॥
ਮਾਈ ਕੇ ਪੜਦੇ ਢਕ ਦਏ ॥
ਮਾਈ "ਗੋਲਾ" ਰਿਦੈ ਵਿਚਾਰਾ ॥
ਭੋਜਨ ਕੋ ਲਾਗੀ ਬਡ ਬਾਰਾ ॥ 48 ॥

ਫਿਰ ਭੋਜਨ ਕੀਨੋ ਤਿਨ ਮਾਈ ॥
ਸੀਸ ਰਾਖ ਕਰ ਸ਼ੀਘਰ ਧਾਈ ॥
ਆਗੇ ਤੇ ਦੇਖਾ ਜਬ ਜਾਟ ॥
ਚਿਤਵਤ ਭਇਓ ਕਰਮ ਬਡ ਘਾਟ ॥ 49 ॥

ਧਰਮਨ ਕਰੋਧ ਧਾਇਓ ਐਸੇ ॥
ਗਊ ਦੇਖ ਸਿੰਘ ਧਾਇ ਸੁ ਜੈਸੇ ॥
ਸ ਮਾਰਨ ਅਬਲਾ ਕੋ ਆਇਓ ॥
ਮਨ ਧਰ ਬਰੋਖ ਅਗਨ ਤਨ ਤਾਇਓ॥ 50 ॥

ਦੋਹਰਾ :- ਲਈ ਪੁਰਾਣੀ ਹਾਥ ਮੈ ਭਾਖੈ ਬਚਨ ਕਠੋਰ ॥
ਭਈ ਦੀਨ ਅਬਲਾ ਤਬੈ ਅਬ ਜਾਵੋ ਕਤ ਠੌਰ ॥ 51 ॥

ਚੌਪਈ :— ਅਬ ਮੁਝ ਤੈ ਨਹ ਹੋਇ ਉਪਾਉ ॥
ਕਵਨ ਠੌਰ ਤਜ ਕੈ ਕਤ ਜਾਉ ॥
ਇਹੁ ਮੇਰੇ ਕਾਢਤ ਹੈ ਪਰਾਨ ॥
ਜਮ ਸਮਾਨ ਦਰਸਨ ਇਸ ਜਾਨ ॥ 52 ॥

ਬਾਲ ਅਵਸਤਾ ਕੀ ਸੁਧ ਭਈ ॥
ਮਾਤ ਪਿਤਾ ਕੇ ਧਾਮ ਸੁ ਰਹੀ ॥

Sri Satguru Jagjit Singh Ji eLibrary NamdhariElibrary@gmail.com

ਗੁਰ ਕੋ ਦਰਸ਼ਨ ਤਹਿ ਹੈ ਕੀਨੋ ॥
ਸੋ ਸਿਮਰਤ ਆਈ ਮਧ ਜੀਨੋ ॥ 53 ॥

ਦੋਹਰਾ :- ਇਕ ਚਿਤ ਹੋਇ ਅਰਾਧਿਓ ਹਰਿ ਗੁਬਿੰਦ ਗੁਰ ਰਾਇ ॥
ਦੁਪਤਿ ਸੁਤਾ ਲਜਾ ਰਖੀ ਤਿਵ ਮਮ ਹੋਰ ਸਹਾਇ ॥ 54 ॥

ਚੌਪਈ :- ਸ੍ਰੀ ਸਤਿ ਗੁਰ ਸਭ ਜਾਨਨ ਹਾਰੈ ॥
ਅੰਤਰ ਜਾਮੀ ਘਟ ਘਟਿ ਸਾਰੇ ॥
ਮੁਗਲ ਰੂਪ ਬਾਨਾ ਤਬ ਧਾਰਾ ॥
ਹੋਤ ਭਏ ਅਸਵ ਅਸਵਾਰਾ ॥ 55 ॥

ਖੇਲ ਸਿਕਾਰ ਤਿਸੀ ਬਨ ਗਏ ॥
ਤਤ ਛਿਨ ਤਾਹ ਪਰਾਪਤਿ ਭਏ ॥
ਅਸਵ ਦੌ ਹਾਇ ਦੂਰ ਤੇ ਆਏ ॥
ਉਚੀ ਸੁਰ ਸੋ ਬਚਨ ਸੁ ਲਾਇ ॥ 56 ॥

ਅਰੇ ਗਵਾਰ ਦੂਰ ਰਹੋ ਖਰੋ ॥
ਜਿਨ ਪਰਹਾਰ ਅਬਲਾ ਕੋ ਕਰੋ ॥
ਸ੍ਰੀ ਗੁਰ ਕੀ ਤਿਨ ਬਾਤ ਨ ਮਾਨੀ ॥
ਮੂਰਖ ਮਤੀ ਹੂੜ ਅਗਿਯਾਨੀ ॥ 57 ॥

ਦੋਹਰਾ :- ਗੁਰ ਕੇ ਕਹਿਓ ਨ ਮਾਨਿਓ ਕਰਤ ਭਇਓ ਤਿਹ ਵਾਰ ॥
ਅਬਲਾ ਲਈ ਬਚਾਇ ਗੁਰ ਅਪਨੇ ਤਹ ਸਹੀ ਮਾਰ ॥ 58 ॥

ਅੜਿਲ :- ਸਤਿਗੁਰ ਅਏ ਨਜੀਕ ਬਚਨ ਅਸ ਭਾਖਿਓ ॥
ਮੁਝ ਕੋ ਕਰਾ ਪਰਹਾਰ ਸੰਕ ਨਾਹ ਰਾਖਿਓ ॥
ਤੁਮ ਕੋ ਦੇਉ ਸਜਾਇ ਜਾਨ ਚਿਤ ਲੀਜਿਐ ॥
ਹੋ ਲਵ ਪੁਰ ਬੀਚ ਲੈ ਜਾਇ ਕੈਦ ਤੁਝ ਕੀਜਿਐ ॥ 59 ॥

ਬੋਲਤ ਭਇਓ ਗਵਾਰ ਬਚਨ ਸੁਨ ਮੇਰਿਆ ॥
ਅਪਨ ਤਿਰਯਾ ਕੋ ਮਾਰਾ ਨਹ ਤੁਝ ਛੇਰਿਆ ॥
ਤੁਝ ਕੋ ਪਰਜੋਜਨ ਕੌਨ ਮੋਰ ਇਹ ਭਾਮ ਹੈ ॥
ਹੋ ਤੁਮਰੋ ਨਾ ਕਛ ਛੇਰਾ ਕਰੋ ਅਰਾਮ ਹੈ ॥ 60 ॥

ਦੋਹਰਾ :- ਤਬ ਸਤਿ ਗੁਰ ਬਚ ਸੁਨਤ ਹੀ ਕਰ ਸੋ ਖਲਤ ਉਠਾਇ ॥
ਤੀਨਲੋਸ ਪਰੀ ਕਮਰ ਮੈ ਤਿਨ ਕੋ ਦਈ ਦਿਖਾਇ ॥ 61 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਦੇਖ ਬਿਸਮਾਦ ਸੁ ਭਇਓ ਗਵਾਰਾ ॥
ਬੋਲਤ ਭਇਓ ਸੁ ਬਚਨ ਬਿਚਾਰਾ ॥
ਮੈ ਮਾਰਿਓ ਅਪਨੀ ਤਿਰਆ ਜਾਨ ॥
ਲਾਗੀ ਚੋਟ ਸੁ ਇਨ ਕੋ ਆਨ ॥ 62 ॥

ਚਰਨੀ ਪਰਤ ਭਇਓ ਤਬ ਆਇ ॥
ਹਾਥ ਜੋਰ ਹੋਇ ਨਿਮਰ ਸੁ ਭਾਇ ॥
ਗੁਰੂ ਰੂਪ ਧਰ ਤਸ ਕੋ ਦਰਸਨ ॥
ਦੇਤ ਭਏ ਸਿਖ ਚਰਨ ਸੁ ਪਰਸਨ ॥ 63 ॥

ਦੋਹਰਾ :- ਭਇਓ ਸਿਖ ਤਬ ਗੁਰੂ ਕੋ ਚਰਨ ਪਰਾ ਤਜ ਮਾਨ ॥
ਤਿਆਗਤ ਭਇਓ ਤਬ ਪੀਰ ਕੋ ਰਾਹੀ ਸ਼ਬਰਨ ਗੁਰ ਆਨ ॥ 64 ॥

ਸੇਵਾ ਕਰੀ ਜੁ ਸੰਤ ਕੀ ਤਿਨ ਬੀ ਕਰੀ ਸਹਾਇ ॥
ਅਰਾਧਿਓ ਸ੍ਰੀ ਗੁਰ ਦੇਵ ਕੋ ਤਤ ਛਿਨ ਮਿਲੈ ਸੁ ਆਇ ॥ 65 ॥

ਐਸੇ ਗੁਰ ਕੋ ਤਿਆਗ ਕੈ ਜਜੈ ਅਵਰ ਕੋ ਜੋਇ ॥
ਸੋ ਮੂਰਖ ਮਤਿ ਸਮਝੀਓ ਮੰਦ ਭਾਗੀ ਨਰ ਓਇ ॥
ਗੁਰ ਸਿਖਨ ਕੀ ਸੇਵ ਜੋ ਕਰੈ ਸੁ ਹਿਤ ਚਿਤ ਧਾਰ ॥
ਲੋਕ ਸੁਖੀ ਪਰਲੋਕ ਜਸ ਬਸੈ ਸੁ ਗੁਰ ਪੁਰ ਸਾਰ ॥ 67 ॥

ਚੌਪਈ :- ਦੁਰਮਤਿ ਮਨ ਤੇ ਤਿਆਗਤਿ ਭਇਓ ॥
ਰਿਦੈ ਸੁਧਾ ਗੁਰ ਕੋ ਸਿਖ ਭਇਓ ॥
ਤਬ ਸਤਿ ਗੁਰ ਕੀਨੀ ਤਿਨ ਦਾਤ ॥
ਚਾਦਰ ਬਾਟੀ ਹੈ ਬਿਖਯਾਤ ॥ 68 ॥

ਏਕ ਸਰੰਦਾ ਦੀਠ ਸੁ ਤਾਕੋ ॥
ਕਰੀ ਅਨਾਇਤ ਸਤਿਗੁਰ ਵਾਕੋ ॥
ਬਾਟੀ ਮੈ ਧਰ ਕਰ ਪ੍ਰਸਾਦਿ ॥
ਚਾਦਰ ਸੋ ਢਕਿਓ ਅਹਿਲਾਦ ॥ 69 ॥

ਦੋਹਰਾ :- ਕਰ ਅਰਦਾਸ ਗੁਰੁ ਕੀ ਦੀਜੈ ਫਿਰ ਵਰਤਾਇ ॥
ਘਟੈ ਨ ਕਬਹੂੰ ਵਾਧ ਹੈ ਜਬ ਲਗ ਆਪ ਨ ਪਾਇ ॥ 70 ॥

ਮਾਰਤੰਡ ਪਾਤਰ ਦਇਓ ਦਰੁਪਤ ਸੁਤਾਕੋ ਜਾਨ ॥
ਤੀਨ ਲੋਕ ਭੋਜਨ ਅਚੈ ਨਹ ਘਟਿਤੀ ਉਰ ਆਨ ॥ 71 ॥

Sri Satguru Jagjit Singh Ji eLibrary NamdhariElibrary@gmail.com

ਤੈਸੇ ਹੀ ਗੁਨ ਤਾਸ ਕੇ ਸਤਿ ਗੁਰ ਕਰੀ ਜੁ ਦਾਤ ॥
ਰਿਧ ਸਿਧ ਨਵ ਨਿਧ ਤਿਸ ਰਾਖੀ ਤ੍ਰਿਹ ਬਿਖਯਾਤ ॥ 72 ॥

ਗੀਆ ਮਾਲਤੀ ਛੰਦ :—

ਸਰੰਦਾ ਜੋ ਦੀਨੋ ਤਾਸ ਕੋ ਗੁਨ ਤਾਸਕੈ ਸੁਨ ਲੀਜਿਐ ॥
ਤ੍ਰਿਹ ਗਗ ਛਤੀ ਨੀਕਸੈ ਸੰਗ ਰਾਗਨੀ ਰਸ ਭੀਜਿਐ ॥
ਪ੍ਰਿਥਕ ਪ੍ਰਿਥਕ ਅਵਾਜ ਤਾਕੀ ਸੁਨੈ ਜੋ ਸੁਨ ਵਾਨਿ ਹੈ ॥
ਵਹ ਰੀਝ ਤਨ ਮਨ ਵਾਰਿ ਹੈ ਧਨ ਕਰੈ ਤਹ ਕੁਰਬਾਨ ਹੈ ॥ 73 ॥

ਇੰਦਰਾ ਭੇਟਾ ਲੇ ਮਿਲਾ ਸ੍ਰੀ ਅਰਜਨ ਗੁਰ ਦੇਵ ਕੋ ॥
ਸੁਧਾ ਸਰ ਕੀ ਕਰੈ ਚੌਕੀ ਪੜੇ ਸਬਦ ਅਭੇਵ ਕੋ ॥
ਲਿਖਾ ਜਪੁਜੀ ਪਾਠ ਤਾਮੈ ਸ੍ਰੀ ਸਤਿ ਗੁਰ ਦੇਵ ਹੈ ॥
ਵਹ ਦਇਓ ਮੈਲੁ ਜਾਟ ਕੋ ਜਗ ਜਾਨ ਤੋ ਸਭ ਭੇਵ ਹੈ ॥ 74 ॥

ਦੋਹਰਾ :- ਕੰਚਨ ਕੀਨ ਸੁ ਲੋਹ ਤੇ ਸ੍ਰੀ ਖੰਡ ਕਰਾ ਸੁ ਕਾਠ ॥
ਸ੍ਰੀ ਗੁਰ ਚਰਨ ਪ੍ਰਤਾਪ ਤੇ ਬਨਤ ਭਇਓ ਅਸ ਥਾਟ ॥ 75 ॥

ਭਈ ਅਨਾਇਤ ਗੁਰੂ ਕੀ ਮੇਲੂ ਪਿਰਤ ਏਹੁ ਜਾਨ ॥
ਤੀਨ ਲੋਕ ਕੇ ਭੀਤਰ ਤਿਸ ਸਮ ਅਵਰ ਨ ਮਾਨ ॥ 76 ॥

ਅਵਰ ਅਰਜ ਮੇਨੂ ਕਰੀ ਸੁਨੋ ਸ੍ਰੀ ਗੁਰੂ ਦਿਆਲ ॥
ਕੂਪ ਹਮਾਰੋ ਗਿਰ ਪਰਾ ਸੁ ਅਬਿ ਬਨੈ ਰਸਾਲ ॥ 77 ॥

ਅੜਿਲ :- ਸ੍ਰੀ ਸਤਿ ਗੁਰ ਤਬ ਕਹਿਓ ਸਿਖ ਸੁਨ ਲੀਜਿਐ ॥
ਕਛ ਚਿੰਤਾ ਚਿਤ ਬੀਚ ਤੁਮੈ ਨਹ ਕੀਜਿਐ ॥
ਬੁਧੂ ਹਮਰੋ ਸਿਖ ਕੁਲ ਕੁਭਿਆਰ ਹੀ ॥
ਹੋ ਉਨ ਸੁ ਹਮ ਚਲਿ ਕਹੈ ਸੁ ਦੇਵ ਉਸਾਰ ਹੀ ॥ 78 ॥

ਗੁਰ ਕੋ ਲੇ ਗਇਓ ਧਾਮ ਸੁ ਰਧ ਮਨ ਧਾਰ ਕੈ ॥
ਜਥਾ ਜੋਗ ਕਰੀ ਸੇਵ ਸੁ ਹੀਏ ਬਿਚਾਰ ਕੈ ॥
ਚਰਨ ਧੋਇ ਚਰਨਾਮਤ ਲੀਨ ਸੁ ਤਾਸ ਹੀ ॥
ਹੋ ਸਦਨ ਸੁ ਸੀਚਤ ਭਇਓ ਰੀਤ ਜਿਉ ਦਾਸ ਹੀ ॥ 79 ॥

ਲਵ ਪੁਰ ਮੈ ਗੁਰ ਅਏ ਖੁਸੀ ਕਰ ਤਾਸ ਕੋ ॥
ਬੁਧੂ ਕੋ ਸਦਵਾਇ ਲਏ ਤਬ ਪਾਸ ਕੋ ॥
ਹਾਥ ਜੋਰ ਸਿਰ ਨਾਇ ਚਰਨ ਪਰਾ ਆਇਓ ॥
ਹੋ ਧੰਨ ਭਾਗ ਭਏ ਸੋਹ ਜੁ ਗੁਰੂ ਬੁਲਾਇਓ ॥ 80 ॥

Sri Satguru Jagjit Singh Ji eLibrary NamdhariElibrary@gmail.com

ਦਹਰਾ :- ਧੰਨ ਭਾਗ ਹੁਇ ਸਿਖ ਕੇ ਜਬ ਗੁਰ ਕਰੈ ਸੁ ਯਾਦ ॥
ਸਫਲ ਜਨਮ ਭਇਓ ਤਤ ਛਿਨੈ ਸਭ ਕੁਲ ਭਈ ਅਜ਼ਾਦ ॥ 81 ॥

ਚੌਪਈ :- ਦੋ ਕਰ ਜੋਰ ਸਿਖ ਆ ਖਰਾ ॥
ਗੁਰ ਅੰਚਰ ਪਰਕਰਮਾਂ ਕਰਾਂ ॥
ਸਨ ਮੁਖ ਹੋਇ ਕਰ ਅਰਜ ਗੁਜਾਰੀ ॥
ਹਾਜ਼ਰ ਦਾਸ ਸੁ ਕਰੋ ਉਚਾਰੀ ॥ 82 ॥

ਭੂਰ ਭਾਂਗ ਹਮਰੇ ਅਬ ਭਏ ॥
ਦਾਸ ਜਾਨ ਗੁਰ ਨਿਕਟ ਬੁਲਏ ॥
ਸ੍ਰੀ ਸਤਿ ਗੁਰ ਬੁਧੂ ਕੋ ਦੇਖਾ
ਸਫਲ ਕਰੀ ਮਸਤਕ ਕੀ ਰੇਖਾ ॥ 83 ॥

ਦਹਰਾ :- ਸੁਨੋ ਪਿਆਰ ਸਿਖ ਮਮ ਬੁਧੂ ਮਰਮ ਸੁ ਜਾਨ ॥
ਈਟਾਂ ਮੁਝ ਕੋ ਚਾਹੀਏ ਇਹੁ ਕਾਰਜ ਹੈ ਆਨ ॥ 84 ॥

ਚੌਪਈ :- ਭੈਰਾਣੇ ਮੈ ਦੇਹੁ ਪਹੁਚਾਈ ॥
ਜਿਵ ਕਿਵ ਕਾਰਜ ਕਰੋ ਨਿਰਬਾਹੀ ॥
ਹਮਰੋ ਕੂਪ ਤਹਾਂ ਸੁਨ ਭਾਈ ॥
ਤਿਹ ਨਮਿਤ ਇਟ ਦੇਹੁ ਪਹੁਚਾਈ ॥ 85 ॥

ਸਤਿ ਬਚਨ ਸਿਖ ਨੇ ਮੁਖ ਭਾਖਾ ॥
ਬਿਦਾ ਭਇਓ ਚਰਨਨ ਸਿਰ ਰਾਖਾ ॥
ਆਵਤ ਭਇਓ ਸਿਖ ਤਬ ਧਾਮ ॥
ਰਾਸਭ ਰਖਕ ਬੁਲਾਇ ਤਮਾਮ ॥ 86 ॥

ਸਵਾ ਲਾਖ ਰਾਸਭ ਕਾ ਨਾਇਕ ॥
ਬੁਧੂ ਜਾਨ ਅਵਰ ਸਭ ਪਾਇਕ ॥
ਨਿਸ ਭਰ ਗੌਨ ਤੋਰ ਕੈ ਕੀਨੋ ॥
ਤਤਾ ਕਾਲ ਕਾਰਜ ਅਸ ਕੀਨੋ ॥ 87 ॥

ਦੋਹਰਾ :- ਰਾਜ ਭੇਜ ਸਤਿ ਗੁਰ ਦਏ ਭਇਓ ਸੁ ਕੂਪ ਤਿਯਾਰ ॥
ਮੇਲ ਪਰ ਕਿਰਪਾ ਭਈ ਬਖਸਾ ਤਿਨ ਸੁਖ ਸਾਰ ॥ 88 ॥

ਚੌਪਈ :- ਅਬ ਲੌ ਕੂਪ ਅਏ ਤਿਹ ਥਾਨ ॥
ਜਾਹਰ ਕਥਾ ਜਗ ਕਰੈ ਬਖਾਨ ॥

Sri Satguru Jagjit Singh Ji eLibrary NamdhariElibrary@gmail.com

ਕਿਨੇ ਦੁਸਟ ਚੁਗੀਲੀ ਹੈ ਖਾਈ ॥
ਬਾਦਸਾਹ ਪਿਰਤ ਭਾਖਿਓ ਜਾਈ ॥ 89 ॥

ਭਾਈ ਬੁਧੂ ਈਟ ਛਪਾਏ ॥
ਰੈਨ ਸਮੈ ਲੇ ਕਹੇ ਪਹੁਚਾਇ ॥
ਹਜਰਤ ਤੇ ਵਹਿ ਨੈਕ ਨ ਡਰਿਓ ॥
ਐਸੇ ਕਾਮ ਘਾਟ ਹੈ ਕਰਿਓ ॥ 90 ॥

ਹਜਰਤ ਸੁਨ ਕਰ ਤਮਕ ਸੁਖਾਈ ॥
ਬੁਧੂ ਕੋ ਤਿਹ ਲਿਓ ਬੁਲਾਈ ॥
ਬੁਧੂ ਆਇਓ ਹਜਰਤ ਪਾਸ ॥
ਸੀਸ ਨਿਆਇ ਕਰੀ ਅਰਦਾਸ ॥ 91 ॥

ਦੋਹਰਾ :- ਹਜਰਤ ਮੋਹ ਬੁਲਾਇਓ ਕਹਿ ਨਮਿਤ ਕਹ ਕਾਮ ॥
ਸੋ ਮੁਝ ਕੋ ਫੁਰਮਾਈਐ ਜਾਤੇ ਹੋਇ ਅਰਾਮ ॥ 92 ॥

ਚੌਪਈ :- ਬਾਦਸਾਹ ਬੋਲਾ ਜਹਾਗੀਰ ॥
ਤੁਮ ਬਡ ਕਰੀ ਅਹੈ ਤਕਸੀਰ ॥
ਬਾਦਸਾਹ ਕੀ ਈਟ ਨਿਕਾਰ ॥
ਕਹੂੰ ਕਿਤੇ ਨਿਸ ਕੋ ਦਈ ਡਾਰ ॥ 93 ॥

ਇਹੁ ਤਕਸੀਰ ਕਰੀ ਬਡ ਭਾਈ ॥
ਇਨ ਕੋ ਫਲ ਤੁਮ ਬੇਗ ਸੁ ਪਾਈ ॥
ਬਾਦਸਾਹ ਕੇ ਹੁਕਮ ਤੇ ਬਿਨਾ
ਏਕ ਈਟ ਕਹੂੰ ਜਾਇ ਨ ਕਿਨਾ ॥ 94 ॥

ਦੋਹਰਾ :- ਬਾਧਾ ਪਰਾ ਸੁ ਸੈਹਰ ਮੈ ਜਾਨਤ ਸਕਲ ਜਹਾਨ ॥
ਬਿਨਾ ਹੁਕਮ ਪਤਿਸਾਹ ਕੇ ਈਟ ਨ ਪਾਵੈ ਜਾਨ ॥ 95 ॥

ਚੌਪਈ :- ਸੁਨ ਕਰ ਬਾਦਸਾਹ ਕੇ ਬਚਨਾ ॥
ਭਾਈ ਭਾਖਤ ਭਇਓ ਸੁਰ ਚਿਨਾ ॥
ਗੁਰ ਹਰਿ ਗੁਬਿੰਦ ਕੂਪ ਕੇ ਕਾਰਜ ॥
ਦਈ ਈਟ ਹਮ ਭੇਜ ਸੁ ਆਰਜ ॥ 96 ॥

ਸੋ ਹਮਰੋ ਗੁਰ ਜਾਨ ਪਰਬੀਨ ॥
ਤਨ ਮਨ ਧਨ ਹਮ ਉਨ ਕੋ ਦੀਨ ॥

Sri Satguru Jagjit Singh Ji eLibrary NamdhariElibrary@gmail.com

ਇਨ ਤੇ ਇਤਰ ਇਤਰ ਦੇਵ ਤਕਸੀਰ ॥
ਤਵ ਮੁਝ ਕੋ ਕਰੀਏ ਦਿਲਗੀਰ ॥ 97 ॥

ਸੁਨ ਬਦਸਾਹ ਹੈ ਦਿਲ ਕਰਾ ॥
ਹਮ ਗੁਲਾਮ ਗੁਰ ਕਹਾ ਖਰਾ ॥
ਇਹ ਗੁਨਾਹ ਮੁਝ ਤੇ ਬਡ ਭਾਇਓ ॥
ਤੁਮੈ ਬੁਲਾਇ ਆਪ ਨਿਕਟਾਇਓ ॥ 8 ॥

ਤੁਮ ਜਾਵਹੋ ਆਪਨ ਚਲ ਧਾਮ ॥
ਚਿੰਤਾ ਤਆਗ ਸੁ ਕਰੋ ਅਰਾਮ ॥
ਹਮ ਗੁਰ ਤੇ ਬਖਸਾਵੈ ਭੂਲ ॥
ਆਗੈ ਦਰਗਾਹ ਕਾ ਮਿਟੈ ਸੂਲ ॥ 99 ॥

ਦਹਰਾ :- ਧਰ ਕਰ ਮਨੈ ਅਧੀਨਤਾ ਲਾਜਮ ਹੁਇ ਸੁਕਚਾਇ ॥
ਸ੍ਰੀ ਸਤਿ ਗੁਰ ਬੁਲਾਇਓ ਆਗਲ ਦਿਨ ਨਿਕਟਾਇ ॥ 100 ॥

ਗੀਆ ਮਾਲਤੀ ਛੰਦ :-

ਕਰ ਕਦਮ ਬੰਦਗੀ ਗੁਰੂ ਕੀ
ਸੁਭ ਠੌਰ ਦੀਨ ਬੈਠਾਇਕੈ ॥
ਭਈ ਭੂਲ ਮੁਝ ਕੋ ਬਖਸੀਓ
ਕਹੈ ਬਚਨ ਜੋ ਅਨਖਾਇ ਕੈ ॥
ਆਹ ਬੁਧੂ ਸਿਖ ਗੁਰ ਕਾ
ਕਿਨੈ ਨਾਹ ਮੁਝ ਭਾਖਿਓ ॥
ਮੁਝ ਕਹੀ ਬਾਨੀ ਕਠਨ ਤਾਕੋ ॥
ਅਦਬ ਨਹ ਕਛੁ ਰਾਖਿਓ ॥ 101 ॥

ਪਟਾ ਲਿਖ ਕਰ ਦੀਆ
ਹਜਰਤ ਕੂਪ ਤਿਸਕਾ ਜਾਨਿਐ ॥
ਇਹੁ ਖਾਇ ਖਨ ਚੈ ਅੰਸ ਤਿਸ
ਕੀ ਖਤਾ ਨਹ ਕਛ ਆਨਿਐ ॥
ਅਬ ਤਲਕ ਕੂਆਂ ਆ ਤਾਪ
ਕੀਨ ਗੁਰ ਜੁ ਦਾਤਿ ਹੈ ॥
ਵਹ ਕਰਾ ਸਿਖ ਨਿਹਾਲ ਸਤਿ
ਗੁਰ ਬਾਤ ਜਗ ਵਿਖਆਤ ਹੈ ॥ 102 ॥

Sri Satguru Jagjit Singh Ji eLibrary NamdhariElibrary@gmail.com

ਦਹਰਾ :— ਜਨਮ ਜਨਮ ਕਾ ਬੀਛਰਾ ਮੇਲੂ ਲਿਯੋ ਸੁਮੇਲ ॥
ਸ੍ਰੀ ਸਤਿ ਗੁਰ ਕੀ ਮਇਆ ਸੁ ਐਸੋ ਖੇਲ ॥ 103 ॥

ਸਵੈਯਾ :- ਭਾਗ ਹੀਨ ਕੋ ਅਰਥ ਸੁ ਨਾਹ ਮਿਲੈ
ਇਮ ਸਾਸਤਰ ਸਿਮਰਤ ਬੇਦ ਬਖਾਨੈ ॥
ਮੋਤੀ ਪਰੈ ਮਗ ਮੈ ਬਿਖਰੈ ਤਹ
ਅੰਧ ਭਇਓ ਕਛੁ ਸੂਝ ਨਾ ਭਾਨੈ ॥
ਮਣ ਚਿੰਦ ਮਿਲੀ ਕਰ ਮੂਰਖ ਕੈ ਉਠ
ਤਿਆਗ ਦਈ ਨਿਧ ਨੀਰ ਕੈਮਿਆਨੈ ॥
ਤਿਮ ਬਾਤ ਸੁਨੈ ਤਿਨ ਕੈ ਕੁਲ ਕੀ ਗੁਰ
ਦਾਤ ਦਈ ਦਈ ਖੋਇ ਇਆਨੈ ॥ 104 ॥

ਕੂਈ ਕਾਲ ਬਤੋ ਇਸ ਭਾਂਤ ਤਿਨੈ ਫਿਰ
ਅਵਰ ਖਿਆਲ ਭਇਓ ਕੁਲ ਕੇਰਾ ॥
ਮਦ ਪਾਠ ਸੁ ਮਾਸ ਅਚੈ ਨਿਸ ਬਾਸਰ
ਧਿਆਨ ਭੂਲਾ ਗੁਰ ਕਾ ਨਹੀਂ ਹੇਰਾ ॥
ਪੂਜ ਕੀ ਅੰਸ ਨੇ ਅੰਧ ਕਰੈ ਦਿਰਗ
ਹੀਨ ਭਏ ਮੁਦ ਮਾਨਸੁ ਘੇਰਾ ॥
ਬਾਟੀ ਔ ਚਾਦਰ ਲੋਪ ਭਈ ਤੁਜ
ਜਾਤ ਰਹੀ ਸਗਰੋ ਵਹਿ ਝੇਰਾ ॥ 105 ॥

ਦੋਹਰਾ :- ਸੁਨੋ ਸਰੰਦੇ ਕੀ ਕਥਾ ਦਇਓ ਵੇਸਵਾ ਸੋਇ ॥
ਤੀਨ ਪਦਾਰਥ ਗੁਰ ਦਿਏ ਇਸ ਬਿਧ ਤਿਨ ਦਏ ਖੋਇ ॥

ਗੀਆ ਮਾਲਤੀ ਛੰਦ :-

ਪਰਾ ਪੂਰਬ ਪੁਨ ਤੇ ਬਡ
ਜਤਨ ਨਿਧ ਕਰ ਆਵਈ ॥
ਨਹ ਟਿਕੈ ਕਰਮ ਜੁ ਹੀਨ ਪਰਾਣੀ
ਨਿਹ ਫਲੰ ਵਹ ਜਾਵਹੀ ॥

ਸੁਮੇਰ ਸਾਗਰ ਪਾਰ ਜਾਵੇ
ਰਹੈ ਰੀਤੋ ਲੰਕ ਮੈ ॥
ਸਿਵ ਸ਼ੀਸ ਈਸ ਸੁ ਨਿਸਾ
ਕੋ ਨਹ ਮਿਟਾ ਤਾਸ ਕਲੰਕ ਮੈਂ ॥ 107 ॥

Sri Satguru Jagjit Singh Ji eLibrary NamdhariElibrary@gmail.com

ਪਿਤਾ ਸਾਗਰ ਬੰਧ ਲਛਮੀ
ਵਿਸਨ ਜੋਜਾ ਜਾਨਿਐ ॥
ਰਤਨ ਚੋਦਸ ਅਨਜ ਤਾਕੈ
ਸੁਧਾ ਭਰਾਤਾ ਮਾਨੀਐ ॥
ਗਰ ਕੋ ਇਸਨਾਨ ਨਿਸ
ਦਿਨ ਕਰੈ ਸ਼ਿਵ ਕੇ ਸੀਸਈ ॥
ਨਹ ਮਿਟਾਂ ਚੰਦ ਕਲੰਕ
ਕੋ ਅਸਭਾਈ ਭਾਵੀ ਈਸਈ ॥ 108 ॥

ਦੋਹਰਾ :- ਸੰਤਨ ਕੇ ਪਰਤਾਪ ਤੇ ਸਤਿ ਗੁਰ ਕਰਾ ਨਿਹਾਲ ॥
ਚਾਰ ਪਦਾਰਥ ਮੁਕਤ ਲਗ਼ ਦਏ ਨ ਸਕਾ ਸਮਾਲ ॥ 109 ॥

ਪੂਰਨ ਭਇਉ ਪ੍ਰਸੰਗ ਇਹੁ ਆਗੇ ਸੁਨੋ ਸੁਜਾਨ ॥
ਬਾਦਸਾਹ ਸਿਉ ਜਸ ਮਿਲੇ ਕਰੋ ਸੰਛੇਪ ਬਖਾਨ ॥ 110 ॥

ਸ੍ਰੀ ਵਾਹਿਗੁਰੂ ਸੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰੂ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 111 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼ ਮੇਲੁ
ਪ੍ਰਕਿਰਪਾ ਬਖਸੀਸ ਵਰਨਨੰ ਨਾਮ
ਚਾਲੀਸਮੋ ਧਿਆਵ ਸਮਾਪਤੰ
ਸਮਤ ਸੁਭ ਸਮਤ ॥ 40 ॥

—0—

Sri Satguru Jagjit Singh Ji eLibrary NamdhariElibrary@gmail.com

ਇਕਤਾਲੀਸਵਾਂ ਧਿਆਵ

ਬਾਬਾ ਲਖੂ ਦਾ ਜੰਗਾ

ਦੋਹਰਾ :- ਚਰਨ ਕਮਲ ਗੁਰ ਦੇਵ ਕੇ ਉਰਮੈ ਧਰ ਕਰ ਧਿਆਨ ॥
ਪੂਰਨ ਕਰੋ ਸੁ ਭਾਵਨਾ ਦੀਜੈ ਮੁਝ ਮਤ ਗਿਆਨ ॥ 1 ॥

ਚੌਪਈ :- ਲਵ ਪੁਰ ਮੈ ਸਤਿ ਗੁਰ ਕਰਤਾਰਾ ॥
ਕਵਤਕ ਕਰਤ ਸੁ ਭਏ ਅਪਾਰ ॥
ਹਜਰਤ ਕਾ ਸ੍ਰੀ ਗੁਰ ਸਿਉ ਪਿਆਰ ॥
ਸ੍ਰੀ ਸਤਿ ਗੁਰ ਤਿਹ ਮਇਆ ਸੁ ਧਾਰ ॥ 2 ॥

ਗੀਆ ਮਾਲਤੀ ਛੰਦ :—

ਮਨ ਆਪਨ ਵਿਚਾਰ ਕੀਨੋ
ਬਾਦਸਾਹ ਸ ਜਾਨਿਐ ॥
ਤਜ ਜਾਵਨਾ ਇਸ ਦੇਸ ਕੋ ਨਹ
ਇਸ ਤਤੀ ਜਗ ਆਨੀਐ ॥
ਸੁਲਤਾਨ ਖਾਨ ਮਲੂਕ ਉਮਰੇ
ਪੀਰ ਅੰਰ ਪੈਕੰਬਰੰ ॥
ਨਹੀ ਰਹੇ ਏਸ ਜਹਾਨ ਮੈ
ਬਡ ਕਰਤ ਥੇ ਜੁ ਅਡੰਬਰੰ ॥ ੩ ॥

ਕਰਤਤ ਜੋ ਜਗਤ ਕਰ ਹੀ ਭਲੋ ਅੰ ਬੁਰੋ ਜਾਨਿਐ ॥
ਵਹ ਸੰਗ ਇਸਕੇ ਜਾਤ ਹੈ ਨਹ ਅਵਰ ਸੋਜ ਸੁ ਮਾਨਿਐ ॥
ਆਜ ਕਾਲ ਵਜੂਦ ਹਮਰੋ ਸਮਝਓ ਇਹੁ ਜਾਤ ਹੈ ॥
ਕਾਚ ਗਾਗਰ ਨੀਰ ਜੈਸੇ ਪਰੇ ਕਰਤ ਸੁ ਪਾਤ ਹੈ ॥ 4 ॥

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸ਼ਾਹ ਜਹਾਂ ਨਿਦਾਨ ਲਰਕਾ ਚਰਨ ਗੁਰ ਕੈ ਪਾਇਐ ॥
ਕਰ ਸੌਪਨੀ ਇਨ ਮਦਤ ਕੀ ਜਪ ਐਸ ਬੇਨਤ ਗਾਈਐ ॥
ਭੁਜਪਕਰ ਕੈ ਜਹਾਂਗੀਰ ਬੋਲਾ ਸੁਨੋ ਸਤਿ ਗੁਰ ਦੇਵ ਜੀ ॥
ਇਹ ਆਹ ਅਨਗ ਸੁ ਆਪ ਕੋ ਕਰ ਮਾਇਆ ਇਸ ਅਭੇਵਹ ਜੀ ॥ 5 ॥

ਸੀ ਗਰ ਮਨੈ ਬਿਚਾਰਿਓ ਹਮ ਕਰਨੇ ਬਡ ਜੁਧ ॥
ਤੁਰਕ ਮਾਰ ਕਰ ਗਰਦ ਮਿਲ ਦੁਰਮਤ ਬਡੇ ਕਬੁਧ ॥ 6 ॥

ਜੇਕਰ ਭੁਜ ਇਨ ਪਕਰ ਹੋ ਫਿਰ ਨਹੀ ਲਰਨਾ ਧਰਮ ॥
ਮਿਤਰ ਘਾਤ ਇਹੁ ਹੋਤ ਹੈ ਅਕਿਤ ਘਨੋ ਕਾ ਕਰਮ ॥ 7 ॥

ਚੌਪਈ :- ਸੁਨ ਕਰ ਬਚਨ ਹਜਰਤ ਕੈ ਐਸੇ ॥
ਉਤਰ ਦਇਓ ਸੁ ਸਤਿ ਗੁਰ ਤੈਸੇ ॥
ਜੈਸੇ ਤੁਮ ਵਰਤੇ ਮੁਝ ਸੰਗ ॥
ਤੈਸੇ ਹਮਰੋ ਤੁਮ ਸਿਉ ਰੰਗ ॥ 8 ॥

ਜੈਸੇ ਇਹੁ ਵਰਤੇ ਮੁਝ ਸੰਗ ॥
ਤੈਸਾ ਹਮਰੋ ਇਨ ਸੰਗ ਖਿਆਲ ॥
ਆਪਨ ਅਪਨ ਕਰੋ ਨਿਰਬਾਹੁ ॥
ਉਨ ਕੀ ਮੁਝ ਕਛ ਨਹ ਪਰਵਾਹ ॥ 9 ॥

ਅੜਿਲ :- ਜਾ ਬਿਧ ਭੁਜਾ ਤਿਆਗੀ ਸਤਿ ਗੁਰ ਜਾਨ ਕੈ ॥
ਛਲ ਕੀ ਬਾਤ ਨ ਭਲੀ ਸਾਚ ਮਨ ਆਨ ਕੈ ॥
ਸਾਹਜਹਾਂ ਕੇ ਸੰਗ ਕਰੈ ਹਮ ਜੰਗ ਹੀ ॥
ਹੋ ਲੂਟ ਕੂਟ ਤਿਨ ਲੇਹੁ ਨ ਕਰਿ ਹੀ ਸੰਗ ਹੀ ॥ 10 ॥

ਦੋਹਰਾ :- ਗੁਰ ਕੀ ਕਥਾ ਬਿਅੰਤ ਹੈ ਤਿਨ ਦੋ ਕਛੁ ਨ ਅੰਤ ॥
ਮਥ ਸਮੁੰਦਰ ਇਕ ਬੰਦ ਜਿਉ ਤਿਵ ਤੁਮ ਸੁਨੋ ਵਰਤੰਤ ॥ 11 ॥

ਕਾਜੀ ਕੀ ਲੇ ਸੁਤਾ ਕੋ ਸਤਿ ਗੁਰ ਕਿਆ ਪਇਆਲ ॥
ਕਹੋ ਪ੍ਰਸੰਗ ਸੰਛੇਪ ਤੇ ਸ੍ਰੀ ਗੁਰ ਓਰ ਧਿਆਨ ॥ 12 ॥

ਸਵੈਯਾ :- ਏਕ ਸਮੇ ਸ੍ਰੀ ਸਤਿਗੁਰ ਦੇਵ ਜੀ
ਦੀਨ ਦਇਆਲ ਅਲਖ ਅਭੇਵ ॥
ਅਸਵ ਲਏ ਸੋਦਾਗਰਨ ਤੇ ਮੁਲ
ਦਾਮ ਤੁਮੈ ਦਓ ਅਗਰ ਸੁ ਏਵਾ ॥

Sri Satguru Jagjit Singh Ji eLibrary NamdhariElibrary@gmail.com

ਆਗੇ ਤੇ ਅਏ ਸੁ ਮਾਂਗਤ ਭੇਗੁਰ
ਬਚਨ ਕਹੈ ਸੁਨੀਓ ਕਹ ਤੇਵਾ ।।
ਤਕਰਾਰ ਕਰਾ ਹਮ ਮਾਸ ਵਿਸਾਖ ।।
ਕੌ ਆਗੇ ਤੇ ਨਹ ਤੁਮੈ ਕਛ ਦੇਵਾ ।। 13 ।।

ਰਾਜ ਸੁ ਤੁਰਕਨ ਕੇ ਉਹ ਜਾਨ ਕੈ
ਵਾਕ ਕਠੌਰ ਸੁ ਤਾਹ ਬਖਾਨੇ ।।
ਦਾਮ ਲੇ ਹਮ ਹੋਇ ਜਮਾਤ ਕੀ
ਤਕਰਾਰ ਕੀ ਬਾਤ ਨਹੀ ਉਰ ਆਨੈ ।।
ਤਬ ਖੁਨਸ ਕੌ ਖਾਇ ਕੈ ਬੋਲ ਉਠੈ
ਬੋਢੈ ਵਾਕ ਰਮਦਾਸ ਕਹੈ ਸੁਰ ਗਿਆਨੇ ।।
ਜੁ ਮਾਤ ਸ੍ਰੀ ਗੁਰ ਹੈਵ ਤੁਮਰੋ ਨਿਸਚੈ
ਧਰ ਆਪ ਸੁ ਲੇਹੁ ਪਛਾਨੇ ।। 14 ।।

ਦੋਹਰਾ :- ਅਸ ਬਚ ਸੁਨ ਕਰ ਬੋਲਿਓ ਅਚੁਤ ਪੁਰਖ ਅਕਾਲ ।।
ਤੁਮਰੋ ਕਹਾ ਸੁ ਸਤਿ ਹੈ ਅਟਲ ਬਚਨ ਨਹ ਟਾਲ ।। 15 ।।

ਚੌਪਈ :- ਬਿਸਮ ਭਏ ਸੁਨ ਸਤਿਗੁਰ ਐਸੇ ।।
ਤੁਰਕਨ ਸੁਤਾ ਵਿਵਾਹੁ ਅ ਕੈਸੇ ।।
ਬਚਨ ਨ ਬਿਰਥਾ ਇਨ ਕਾ ਜਾਈ ।।
ਕਠਨ ਬਾਤ ਅਬਿ ਬਨੀ ਸੁ ਆਈ ।। 16 ।।

ਤਿਹ ਕਾਚੀ ਕੀ ਸੁਤਾ ਅਪਾਰਾ ।।
ਰੰਭ ਉਰਬਸੀ ਰਤ ਅਵਤਾਰਾ ।।
ਦੇਵ ਜਾਨ ਜਿਯੋ ਆਹ ਮਦੋਦਰਾ ।।
ਰੂਪ ਅਨੂਪ ਕਿ ਚੰਦ ਸਹੋਦਰਾ ।। 17 ।।

ਦੋਹਰਾ :- ਗੁਰ ਕੋ ਰੂਪ ਨਿਹਾਰ ਕੈ ਰਹੀ ਮੁਬਤਲਾ ਹੋਇ ।।
ਮਨ ਮੈ ਕਰੈ ਅਰਾਧਨਾ ਕ੍ਰਿਸ਼ਨ ਰੁਕਮਨੀ ਸੋਇ ।। 18 ।।

ਗੀਆ ਮਾਲਤੀ ਛੰਦ :—

ਗੁਰ ਆਹ ਪੁਰਨ ਪੁਰਖ ਪਾਵਨ ਭਾਵਨਾ ਜਗ ਪੁਰ ਹੈ ।।
ਚਿਤ ਲਾਇ ਬਿਰਤ ਜੁ ਸੇਵ ਹੈ ਮਿਟ ਜਾਤ ਤਾਸ ਵਿਸੂਰ ਹੈ ।।

ਰਾਜ ਪੁਤਰ ਸੇਵਿਓ ਭੂਮਾਸੁਰੰ ਕੀ ਬੰਧ ਮੈ ।।
ਤਿਹ ਮਾਰ ਛਾਰ ਉਡਾਇ ਦੁਰੰਗ ਕਾਟਿਓ ਤੁ ਫੰਦ ਮੈ ।। 19 ।।

Sri Satguru Jagjit Singh Ji eLibrary NamdhariElibrary@gmail.com

ਦਹਰਾ :- ਸੋਲਾ ਕਲਾ ਸਪੂਰਨ ਸ੍ਰੀ ਗੁਰ ਦੀਨ ਦਇਆਲ ॥
ਹੇਰ ਰੂਪ ਹਾਇਲ ਭਈ ਘਾਇਲ ਜਿਮ ਮਿਰਗ ਬਾਲ ॥ 20 ॥

ਚਪਈ :- ਸਭ ਘਟ ਕੀ ਗੁਰ ਜਾਨਨ ਹਾਰੇ ॥
ਅਸਵ ਚੜੇ ਸੁ ਹੋਇ ਅਸਵਾਰੇ ॥
ਚਿਕ ਮੈ ਚਿਤੇ ਤਾਹ ਪਈ ਦਾਸੀ ॥
ਤਹ ਚੜ ਅਏ ਗੁਰੂ ਅਬਿਨਾਸੀ ॥ 20 ॥

ਤਿਸੀ ਝਰੋਖੇ ਨਿਕਟ ਸੁ ਅਏ ॥
ਜਿਹ 'ਕੋਲਾਂ' ਨਿਰਖਤ ਸਤਿ ਭਾਏ ॥
ਦਿਰਗ ਸਿਉ ਦਿਰਗ ਜਬ ਹੀ ਮਿਲ ਗਏ ॥
ਝਪਟ ਝਟਾਕ ਭੁਜਾ ਗੁਰ ਲਏ ॥ 21 ॥

ਉਪਰ ਬਸਤਰ ਡਾਰ ਗੁਰ ਲਇਓ ॥
ਨਿਕਸ ਨਗਰ ਤੇ ਬਾਹਰ ਭਇਓ ॥
ਚਰਨ ਕਮਲ ਸਮ ਕਵਲਾ ਕੇਰਾ ॥
ਭਇਓ ਉਘਾਰ ਕਿਸੀ ਜਨ ਹੇਰਾ ॥ 22 ॥

ਵਹ ਉਚਾ ਕੂਕਤ ਗਵਾਰ ॥
ਇਹੁ ਲੇ ਚਲਾ ਕਿਸੀ ਕੀ ਨਾਰ ॥
ਮਿਲੋ ਅਬੀ ਇਹ ਜਾਨ ਨ ਪਾਵੈ ॥
ਕਵਨ ਸੁਨਾਹਕ ਜੀਵ ਗਵਾਵੈ ॥ 23 ॥

ਦਹਰਾ :- ਭਾਈ ਲਖੂ ਆਦ ਸੁਭ ਸ੍ਰੀ ਗੁਰ ਸੰਗ ਅਸਵਾਰ ॥
ਸਤ ਲਾਣੀ ਉਤਰਤ ਭਏ ਛਕੀ ਅਹ ਫੇਨ ਸੁਧਾਰ ॥
ਹੋਇ ਅਰੂੜ ਫਿਰ ਅਸਵ ਤੇ ਚਲਿ ਆਇ ਨਿਜ ਧਾਮ ॥
'ਕਵਲਾ' ਕੋ ਬਿਠਲਾਇਓ ਨਿਜ ਸੁਖ ਮਾਹ ਅਰਾਮ ॥ 24 ॥

ਸਵੈਯਾ :- ਆਠ ਹਜਾਰ ਸੁ ਸੈਨ ਲਏ ਸੰਗ
ਮੁਗਲ ਸੁ ਖਾਨ ਅਇਓ ਬਲਿ ਧਾਰੀ ॥
ਮਾਰ ਹੀ ਮਾਰ ਬਕੈ ਮੁਖ ਤੇ ਕੁਈ
ਅਵਰ ਨ ਦੂਸਰ ਬਾਤ ਬਿਚਾਰੀ ॥ 25 ॥

ਇਤ ਆਇ ਕਿਨੈ ਗੁਰ ਪਾਸ ਕਹੀ
ਗੁਰ ਹੋਇ ਤਯਾਰ ਚੜੇ ਬਲਿਧਾਰੀ ॥
ਲਖੂ ਤੇ ਆਦਕ ਬੀਰ ਬਲੀ ਸੰਗ
ਹੋਤ ਭਏ ਮਧ ਸਮਰਮਝਾਰੀ ॥ 26 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਜਿਹ ਜਿਹ ਬਨੈ ਸੰਗਰਾਮ ਤਹ ਕਰੈ ਜੁਧ ਬਲ ਧਾਰ ॥
ਮਾਰ ਮਲੇਛਨ ਗਰਦ ਕਰ ਕਰੇ ਗਰਕ ਤਿਨ ਛਾਰ ॥ 27 ॥

ਪਹਿਲੀ ਜੰਗ ਅੰਮ੍ਰਿਤਸਰ

ਚੌਪਈ:- ਅੰਮ੍ਰਿਤਸਰ ਪ੍ਰਿਥਮੈ ਜੰਗ ਬੀਚ ॥
ਮਾਰ ਮਲੇਛ ਗਰਕ ਕਰੇ ਨੀਚ ॥
ਮੁਗਲ ਖਾਨੈ ਤਾਮੈ ਬਲਕਾਰੀ ॥
ਗੁਰ ਊਪਰ ਆਇਓ ਲਲਕਾਰੀ ॥ 28 ॥

ਗੁਰ ਹਰਿਗਬਿੰਦ ਲਖੂ ਲਲਕਾਰਾ ॥
ਜਾਨ ਨਾ ਪਾਵੈ ਕਰੋ ਸੰਘਾਰਾ ॥
ਸੁਨ ਗੁਰ ਬਚਨ ਲਖੂ ਬਿਗਸਾਇਓ ॥
ਸੁਫਲ ਜਨਮ ਅਪਨੋ ਤਿਨਗਾਇਓ ॥ 29 ॥

ਦੋਹਰਾ :- ਜਾ ਦਿਨ ਸੁਵਾਮੀ ਦਾਸ ਪਿਰਤ ਕਰੇ ਯਾਦ ਧਰ ਭਾਵ ॥
ਤਾਸ ਘਰੀ ਕੈ ਊਪਰੇ ਪਲ ਬਲ ਬਲ ਜਾਵ ॥ 30 ॥

ਹਾਥ ਜੋਰ ਲਖੂ ਕਹੀ ਮੋਪਰ ਕਰੋ ਸੁ ਧਿਆਨ ॥
ਤਵ ਬਲਧਾਰ ਬਿਦਾਰ ਇਸ ਗਰਕ ਕਰੋ ਕਾ ਖਾਨ ॥ 31 ॥

ਤੋਟਕ ਛੰਦ :- ਜਬ ਹੀ ਸ਼ਕਤੀ ਕਰ ਮਾਹ ਗਹੀ ॥
ਪਦ ਕੰਜ ਗੁਰੂ ਮਨ ਧਾਰ ਸਹੀ ॥
ਚਲਿ ਕੇ ਰਣਿ ਭੁਮ ਕੇ ਮਧਗਓ ॥
ਇਸ ਭਾਂਤ ਪੁਰਖਾਰਤ ਹੈ ਸੁ ਕਿਓ ॥ 32 ॥

ਬਰਛੀ ਜਬ ਹੀ ਸੁ ਚਲਾਇ ਦਈ ॥
ਲਖ ਸਤਰਨ ਸੈਨ ਪਲਾਇ ਗਈ ॥
ਰਵਿ ਕੀ ਜਨ ਧਾਰਹ ਦਿਰਸਟ ਪਰੀ ॥
ਖਲਕੀ ਲਖ ਸੈਨ ਅਰਿਸਟ ਮਰੀ ॥ 33 ॥

ਦੋਹਰਾ :- ਮੁਗਲ ਖਾਨ ਰਣਿ ਮਾਰਿਓ ਤੁਰਕਨ ਕੇ ਦਲ ਬੀਚ ॥
ਸੈਨਾ ਗਈ ਪਰਾਇ ਤਹ ਰਹੈ ਠਠਕ ਦਲ ਨੀਚ ॥ 34 ॥

ਚੌਪਈ :- ਲਖ ਪਤਿ ਚਰਨ ਗੁਰ ਕੇ ਆ ਗਹੇ ॥
ਹਾਥ ਜੋਰ ਅਸ ਬਚਨ ਸੁ ਕਹੈ ॥

Sri Satguru Jagjit Singh Ji eLibrary NamdhariElibrary@gmail.com

ਸਤਿ ਹਜ਼ਾਰ ਤੁਰਕ ਰਣ ਬੀਚ ॥
ਮਾਰੇ ਪਰੇ ਸਮਰ ਭਏ ਮੀਰ ॥ 35 ॥

ਹੇ ਸਤਿ ਗੁਰ ਇਹ ਬਿਰਦ ਤੁਮਾਰਾ ॥
ਆਪਨਾ ਕਰੋ ਪਰਤ ਪਾਰਾ ॥
ਹੇ ਸਤਿ ਗਰ ਕਿਰਪਾ ਦਿਰਸਟ ਤਹ ਕੀਨੋ ॥
ਸੀਸ ਚੂਮ ਭਾਤੀ ਲਾਇ ਲੀਨੋ ॥ 36 ॥

ਗੀਆ ਮਾਲਤੀ ਛੰਦ :—

ਸਮਰ ਮਾਹ ਜੁ ਤੁਰਕ ਮੂਏ ਦਏ ਧਰਨ ਗਡਾਇਕੈ ॥
ਸੁਨ ਬਿਸਮ ਹੋ ਏਓ ਹਜਰਤ ਸਿਕਸਤ ਮਨ ਬਿਲਖਾਇਕੈ ॥
ਕਹੋ ਕਾਰਨ ਕਵਨ ਹੋਇਓ ਵਹਿ ਆਹਿ ਗੁਰੂ ਫਕੀਰ ਹੈ ॥
ਤਿਨ ਫੌਜ ਮਾਰ ਬਿਦਾਰ ਦੀਨੀ ਹਿੰਦ ਤੁਰਕਨ ਪੀਰ ਹੈ ॥ 38 ॥

ਸਚਵ ਵੇਦੰ ਮਿਤਰ ਗੁਰ ਜਬ ਕਹੈ ਨਹ ਇਹ ਸਾਚ ਹੀ ॥
ਰਾਜ ਨਾਸ ਸਰੀਰ ਖੀਣੰ ਧਰਮ ਹੀਣੰ ਵਾਚ ਹੀ ॥
ਤਬ ਬੁਧਵੰਤੰ ਹਜਰਤੰ ਅਸ ਕਹੀ ਬਾਤ ਬਨਾਇਕੈ ॥
ਵਹ ਆਹ ਕਾਜੀ ਦੁਖ ਤਰ ਭਈ ਜੋ ਬਨੀ ਭਰ ਭਾਇਕੈ ॥ 39 ॥

ਨਹ ਕਰੈ ਨਿਸਵਤ ਪਿਤਾ ਤਾ ਕੀ ਕਰੀ ਮਾਰ ਸੁ ਮਾਰ ਹੈ ॥
ਵਹ ਚਰਨ ਸਰਨ ਸੁ ਪਰਸਨ ਲਾਗੀ ਬੇਨਤੀ ਉਰ ਧਾਰ ਹੈ ॥
ਦੀਨ ਜਾਨ ਸੁ ਮਾਇਆ ਕੀਨੀ ਕਟਾ ਸੰਕਟ ਤਾਸ ਕੋ ॥
ਜਿਮ ਕੂਬਰੀ ਕਉ ਕਿਰਸਨ ਤਾਰਾ ਹਰੀ ਕਾਮ ਜੁ ਵਾਸ ਕੋ ॥ 39 ॥

ਵਹ ਪੁਰਖ ਪੂਰਨ ਜਾਨਿਐ ਕਛ ਨਾਹ ਤਾਮੈ ਲੇਪ ਹੈ ॥
ਅਕਾਸ ਸੂਰਜ ਚੰਦ ਤਾਰੇ ਜਾਨਿਐ ਨਹ ਛੇਪ ਹੈ ॥
ਬੇ ਗੁਨ ਵੇ ਬੇਚੂਨ ਅਲਹ ਜਾਨਿਐ ਗੁਰਦੇਵ ਕੋ ॥
ਵਹ ਪਾਕ ਜਾਮਾ ਆਹ ਨਿਸਚੈ ਸਮਝਿਓ ਉਰ ਭੇਵ ਕੋ ॥ 40 ॥

ਦੋਹਰਾ :- ਬਰ ਬਸਉਨ ਕੇ ਗਰ ਪਰੇ ਨਗਟ ਗੁਰੂ ਕੇ ਜਾਇ ॥
ਜ ਕਛ ਗਰ ਤੇ ਸਰਾ ਸੋ ਤਿਨ ਕਰਾ ਨਿਰਬਹਿ ॥ 41 ॥

ਸਰਪ ਸਿੰਘ ਅਰ ਸੂਰਮਾਂ ਚਤਰਥ ਜਾਨ ਬੈਰਾਹ ॥
ਇਨ ਕੋ ਕਬਹੂ ਨ ਛੇਰਿਐ ਛੇਰੇ ਹੋਇ ਵਿਨਾਹ ॥ 42 ॥

Sri Satguru Jagjit Singh Ji eLibrary NamdhariElibrary@gmail.com

ਬੇਰੀ ਬਿਆਧ ਬੈਸੰਤਰ ਇਨ ਕੋ ਲਘ ਨਹੀ ਮਾਨ ॥
ਆਪਸ ਤੇ ਦੀਰਘ ਲਖੋ ਸਦਾ ਰਹੋ ਭੈ ਵਾਨ ॥
ਬਾਦਸਾਹ ਸੁਨ ਚੁਪ ਕਰਹਾ ਨਹ ਕਤੁ ਉਤਰ ਦੀਨ ॥
ਸਤਿਗੁਰ ਮਹ ਨਹ ਦੋਸ ਕਛੁ ਖਤਾ ਸੁ ਇਨ ਸਭ ਕੀਨ ॥ 44 ॥

ਚੌਪਈ :- ਕਥਾ ਪ੍ਰਸਿਧ ਅਹੈ ਸੰਸਾਰ ॥
ਤਾਤੇ ਵਰਨੀ ਨਹ ਵਿਸਤਾਰ ॥
ਬਹੁਤ ਕਾਲ ਇਹੁ ਭਾਤ ਬਿਤਾਇਓ ॥
ਜਹਾਂਗੀਰ ਬਿਹਿਸਤ ਸਿਧਾਇਓ ॥ 45 ॥

ਦੋਹਰਾ :- ਸਮਤ ਸਸਿ ਰਧਿ ਸਿਧ ਰਿਖ ਮਨ ਮੈ ਕਰੋ ਬਿਚਾਰ ॥
ਸਾਹ ਜਹਾਂ ਬਦਿਸਾਹ ਹੋਇ ਬੈਠੋ ਤਖਤ ਸੁ ਧਾਰ ॥ 46 ॥
ਬਿਧੀ ਚੰਦ ਅਸਵ ਹਰੇ ਤਾਕਰ ਭਇਓ ਬਿਰੁਧ ॥
ਲਰੇ ਮਰੇ ਬਹੁ ਤੁਰਕ ਤਬ ਕਾਇਰ ਭਏ ਕਸੁਧ ॥ 47 ॥

ਗੀਯਾ ਮਾਲਤੀ ਛੰਦ :—

ਇਹੁ ਭਾਂਤ ਬੀਤਾ ਕਾਲ ਬਹੁ ਕਰਤਾਰ ਪੁਰ ਗੁਰ ਆਇਓ ॥
ਕਰ ਚੋਜ ਮਨ ਕੀ ਮੌਜ ਨਿਤ ਪਿਰਤ ਜਹਾਂ ਕਹਾਂ ਜਸ ਛਾਇਓ ॥

ਉਤਖਾਨ ਪੈਧਾ ਹੈ ਚੜਾਦਲ ਲਿਓ ਕਰ ਅਹੰਕਾਰ ਹੈ ॥
ਮੈ ਜੀਵ ਤੋ ਗੁਰ ਪਕਰ ਆਣੋ ਕੈ ਮਾਰਿਓ ਬਲ ਧਾਰਿ ਹੈ॥

ਦੋਹਰਾ :- ਬਾਦਸਾਹ ਕੀ ਸਭਾ ਮੈ ਪੈਦੇ ਕਰਾ ਬਖਾਨ ॥
ਬਡ ਜੋਧਾ ਬਡ ਧੀਰਜੀ ਗੁਰ ਸਮਾਨ ਨਹੀ ਆਨ ॥ 49 ॥

ਬਾਦਸਾਹ ਕੀ ਸਭਾ ਮੈ ਮੋਹਨ ਦੀਸਤ ਕੋਇ ॥
ਗੁਰ ਸਮਾਨ ਗੁਰ ਆਪ ਹੈ ਅਵਰ ਨ ਦਸਰ ਹੋਇ ॥ 50 ॥

ਚੌਪਈ :- ਮੇ ਗੁਰ ਕੋ ਜਾ ਨੋ ਬਿਖਿਆਤ ॥
ਭਲੀ ਭਾਂਤ ਗੁਰ ਮੁਝ ਨਿਰਖਾਦਿ ॥
ਗੁਰ ਕੋ ਪਕੜ ਤੋਹ ਢਿਗ ਲਿਆਵਉ ॥
ਪਤਉ ਪੈਦੇ ਖਾਂ ਨਾਮ ਕਹਾਉ ॥ 51 ॥

ਸਤਰੇ ਸਹੰਸ ਸੈਨ ਲੈ ਸਾਥ ॥
ਪੈਦੇ ਖਾਂ ਆਇਓ ਬਿਖਿਯਾਤ ॥

Sri Satguru Jagjit Singh Ji eLibrary NamdhariElibrary@gmail.com

ਆਗੇ ਸਤਿਗੁਰ ਕਰ ਇਸਨਾਨਾ ॥
ਜਪੁਜੀ ਪਾਠ ਸੁ ਮੁਖੋ ਬਖਾਨਾ ॥ 52 ॥

ਗੁਰ ਕੋ ਖਬਰ ਆਨ ਕਿਨ ਕਹੀ ॥
ਸਵਾਧਾਨ ਹੁਇ ਸਤਿ ਗੁਰ ਲਹੀ ॥
ਸਸਤਰ ਬਸਤਰ ਸੈਨਾ ਗੁਰ ਧਾਰਾ ॥
ਆਗੇ ਹੋ ਇਸੁ ਭਏ ਤਯਾਰਾ ॥ 53 ॥

ਦੋਹਰਾ:- 'ਲਖੂ' ਕੋ ਸਤਿ ਗੁਰ ਕਹਿਓਹੁ ਜੋ ਤੁਮ ਤਯਾਰ ॥
ਸਤਰੂ ਦਲ ਚਲਿ ਕੇ ਅਏ ਲੀਜੈ ਤਿਨ ਕੀ ਸਾਰ ॥ 54 ॥

ਦੋ ਕਰ ਜੋਰ ਸੋ ਗੁਰੂ ਪਿਰਤ ਲਖਪਤ ਕਹਿਓ ਉਚਾਰ ॥
ਤਵ ਚਰਨਨ ਹਿਯੇ ਧਾਰ ਕੈ ਦਿਵੋ ਸੁ ਦੁਰਸਟ ਨਿਵਾਰ ॥ 55 ॥

ਗੀਆ ਮਾਲਤੀ ਛੰਦ :—

ਉਤ ਗੁਰੂ ਆਪ ਅਸਵਾਰ ਹੋਇ
ਲੀਉ ਲਖਪਤ ਨਾਲ ਹੈ ॥
ਉਤ ਖਾਨ ਪੈਦਾ ਆਪਿ ਆਇਓ
ਸਮਰ ਮਧ ਮੈਦਾਨ ਹੈ ॥
ਲਲਕਾਰ ਲਖੂ ਪਿਰਤ ਕਹਾ
ਅਬ ਨਿਮਕ ਸਫਲ ਸੁ ਕੀਜਿਐ ॥
ਨਹ ਆਇ ਅਵਸਰ ਹਾਥ
ਕਬਿਹੂੰ ਸੁਧਾ ਜਸ ਰਸੁ ਪੀਜਿਐ ॥ 56 ॥

ਦੋਹਰਾ :- ਇਸੀ ਨਮਿਤ ਹਮ ਰਾਖਿਉ ਉਤਮ ਕੁਲ ਪਹਿਚਾਨ ॥
ਅਵਸਰ ਬਨੈ ਜੁ ਸਮਰ ਕੋ ਕਰੇ ਨ ਆਪ ਦਲ ਹਾਨ ॥ 57 ॥

ਸਤੀ ਸਿੰਘ ਸਪੁਰਸ ਜੁ ਸਰਪ ਸੂਰ ਪਹਿਚਾਨ ॥
ਜਿਮ ਜਿਮ ਸੰਕਟ ਪਰਤ ਹੈ ਤਿਮ ਤਿਮ ਅੰਤਿ ਹਠ ਠਾਠ ॥ 58 ॥

ਅਸ ਬਚਨ ਸੁਨੈ ਸੁ ਗੁਰੂ ਕੇ ਲਖੂ ਪਰਮ ਸੁ ਧੀਰ ॥
ਭਇਉ ਹੁਲਾਸ ਸੁ ਚਿਤ ਮੈ ਜਿਉ ਸਫਰੀ ਮਿਲ ਨੀਰ ॥ 59 ॥

ਚੌਪਈ :- ਤਿਸੀ ਸਮੇ ਤੁਰਕਨ ਕੇ ਦਲ ਮੈ ॥
ਕਤ ਬਖਾਨ ਨਿਕਸਾ ਬਡ ਬਲ ਮੈ ॥

Sri Satguru Jagjit Singh Ji eLibrary NamdhariElibrary@gmail.com

ਗੁਰ ਊਪਰ ਅਇਉ ਲਲਕਾਰੀ ॥
ਕਰ ਮੈ ਲਈ ਸਮਸ਼ੇਰ ਨਿਕਾਰੀ ॥ 60 ॥

ਮਾਰ ਮਾਰ ਮੁਖ ਮਾਹ ਬਬਾੜੇ ॥
ਗੁਰ ਢਿਗ ਐਸੇ ਬੈਨ ਉਚਾਰੈ ॥
ਸੀ ਸਤਿਗਰ ਲਖ ਲਲਕਾਰਾ ॥
ਇਨ ਪਰ ਕਰੋ ਆਪ ਤੁਮ ਵਾਰਾ ॥ 61 ॥

ਦੋਹਰਾ :- ਲਖੂ ਕਰੀ ਪ੍ਰਤਗਿਆ ਸੁਨ ਸਤਿ ਗੁਰ ਪਰਬੀਨ ॥
ਇਨ ਕੌ ਦੇਉ ਗਿਰਾਇਕੈ ਰਣ ਮਧ ਕਰ ਅਤਿ ਦੀਨ ॥ 62 ॥

ਮਾਨਸ ਜਨਮ ਕੇ ਪਾਇਕੈ ਵਿਅਰਥ ਦਇਉ ਜਿਨ ਖੋਇ ॥
ਸੋਇ ਪਾਪ ਹਮ ਕੋ ਲਗੈ ਜੁ ਇਸ ਹਤੇ ਨ ਮੋਹਿ ॥ 63 ॥

ਐਸ ਪਰਤਗਿਆ ਧਰ ਕੈ ਲਈ ਸਕਤ ਕਰ ਬੀਚ ॥
ਸਤਰਨ ਕੇ ਦਲ ਮੈ ਪਰੋ ਤੁਰਕ ਕਰਤ ਭਇਉ ਮੀਚ ॥ 64 ॥

ਚੌਪਈ :- ਭਾਈ 'ਲਖੂ' ਸਕਤ ਸੰਭਾਰੀ ॥
ਏਕ ਮੁਗਲ ਕੇ ਉਰ ਮੈ ਮਾਰੀ ॥
ਲਾਗਤ ਗਿਰਾ ਮਧ ਰਣ ਭੂਮ ॥
ਜਨ ਬਿਜ ਹਨਾ ਮੁਨਾਰਾ ਝੂਮ ॥ 65 ॥

ਲਖਪਤ ਨਿਰਖ ਸਤਿ ਗੁਰ ਦਇਆਲ ॥
ਕਹੇ ਬਚਨ ਸਿਖਾ ਤੁਮ ਨਿਹਾਲ ॥
ਗੁਰ ਟਹਿਲ ਬੀਚ ਤੁਮ ਰਹਿਉ ਸਦਾ ॥
ਛਕਿਉ ਨਿਮਕ ਕਰਿਉ ਅਬਿ ਅਦਾ ॥ 66 ॥

ਦੋਹਰਾ :- ਕੁਤਬਖਾਨ ਆਵਤ ਭਇਉ ਲਖੂ ਪੈ ਰਿਸ ਧਾਰ ॥
ਆਗੈ ਤੇ ਨਿਕਸਤ ਭਇਉ ਲਖਪਤ ਆਪ ਸੰਭਾਰ ॥ 67 ॥

ਚੌਪਈ :- ਦੁੰਦ ਜੁਧ ਆਪਸ ਮੈ ਭਇਉ ॥
ਸੁਰ ਪੁਰ ਤਿਆਗ ਸੁਰਪਤਿ ਤਿਹ ਅਇਉ ॥
ਸੁਰ ਸਮੂਹ ਆਏ ਤਜ ਧਾਮਾ ॥
ਚੜ ਬਿਬਾਨ ਆਏ ਲੇ ਬਾਮਾ ॥ 68 ॥

ਭੁਜੰਗ ਛੰਦ :- ਕੁਪੈ ਆਨ ਮੈਦਾਨ ਮੈ ਬੀਰ ਦੋਊ ॥
ਦਿਖੈ ਕੌਨ ਜੀਤੈ ਦਿਖੈ ਹਾਰੈ ਕੁਊ ॥

Sri Satguru Jagjit Singh Ji eLibrary NamdhariElibrary@gmail.com

ਜੁੜੀ ਸੈਨਾ ਭਾਰੀ ਇੰਤੈ ਉਤ ਆਈ ॥
'ਲਖੂ' ਦੇਖ ਬੋਲਾ ਕਰੋ ਵਾਰ ਭਾਈ ॥ 69 ॥

ਤਬੈ ਢਾਲ ਧੋਪਢੰਡੀ ਖਾਨ ਗਥੰ ॥
ਲਖੁ ਪੇਸੁ ਧਾਵਾ ਕਰੋ ਸੀਧ ਮਾਥੰ ॥
ਜਿਮੈ ਸਿੰਘ ਸ਼ੇਰੰ ਗਜੰ ਪੈ ਗਜਾਣੰ ॥
ਜਸੰ ਰਾਮ ਚੰਦੰ ਮਨੋ ਰਾਵਣਾਣੰ ॥ 70 ॥

ਪ੍ਰਿਥੰਮੰ ਸੁਵਾਰੰ ਕਰਾ ਆਨ ਧੋਪੰ ॥
ਲਖੂ ਕੋਨ ਲਾਗਾ ਲਿਉ ਢਾਲ ਉਪੰ ॥
ਤਬੈ ਆਪ ਨਾਥੰ ਲਖੂ ਕੋ ਉਚਰਾ ॥
ਕਰੋ ਵਾਰ ਭਾਈ ਇਨੈ ਲੇਹੁ ਮਾਰਾ ॥ 71 ॥

ਸੁਨੈ ਵਾਕ ਐਸੇ ਗੁਰੂ ਜੋ ਉਚਾਰੰ ॥
ਰਿਦੈ ਮੈ ਸੁ ਮੋਦੰ ਹੁਲਾਸੰ ਸੁਧਾਰੰ ॥
ਦੋਊ ਹਾਥ ਜੋੜੇ ਸੁ ਸੀਸ ਨਿਵਾਇਓ ॥
ਦਿਖੋ ਆਪ ਨਾਥ ਸੁ ਦਾਸ ਅਲਾਇਓ ॥ 72 ॥

ਦੋਹਰਾ :- ਚੰਦਰ ਹਾਥ ਕਰ ਦਾਹਨੇ ਸਿਪਰ ਫਰੀ ਕਰ ਬਾਮ ॥
ਕੁਤਬ ਖਾਨ ਪਰ ਹੈ ਪਰਾ ਲੈ ਸਤਿ ਗੁਰ ਕੋ ਨਾਤ ॥ 72 ॥

ਚੌਪਈ :— ਕੁਤਬ ਖਾਨ ਪਰ ਕੋਰਾ ਸੁ ਵਾਰ ॥
ਉਨ ਸਪਰ ਪਰ ਲੀਨ ਸੰਭਾਰ ॥
ਫਿਰ ਉਨ ਇਨ ਪੈ ਇਨ ਉਨ ਕਰਾ ॥
ਚਾਚਰ ਖੇਲ ਸਮਰ ਮਧ ਪਰਾ ॥ 74 ॥

ਜਰਾ ਸਿੰਧ ਜਿਉ ਗਰਜੈ ਭੋਮ ਸੁ
ਦੋਊ ਇਕ ਸਮ ਨਹ ਕੋ ਨੀਮ ॥
ਦੋਊ ਬੀਰ ਰੁਦਰ ਰਸ ਰਾਚੈ ॥
ਗਹਿ ਸਮਸੇਰ ਸਿਪਰ ਕਰ ਮਾਜੈ ॥ 74 ॥

ਦੋਹਰਾ :- ਲਖੂ ਕੁਤਬ ਖਾਨ ਕਾ ਭਇਓ ਸੁ ਜੁਧ ਉਮੰਗ ॥
ਜਰਾ ਸਿੰਧ ਜਿਮ ਭੀਮ ਕਾ ਆਪਸ ਮਚਾ ਜੁ ਜੰਗ ॥ 75 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :-

ਤਿਹ ਭਇਓ ਜੰਗ ਮਹੂਰਤੰ ਇਕ ਦੇਵ ਦੇਖੈ ਆਇਕੈ ॥
ਲਖੂ ਸੁ ਕੀਨੋ ਵਾਰ ਤਿਨਕੋ ਸੀਸ ਕਾਟਾ ਜਾਇਕੈ ॥
ਕੁੰਭਿਆਰ ਤਾਗੈ ਸਾਥ ਦੇਤੋ ਬਾਸਨੋ ਉਤਾਰ ਕੈ ॥
ਜਿਮ ਦਾਰ ਚੀਰ ਸੁ ਦੇਤ ਬਾਢੀ ਸੰਗ ਆਰੀ ਧਾਰ ਕੈ ॥ 76 ॥

ਕੁਤਬ ਖਾਨ ਜੁ ਤੇਗ ਵਾਹੀ ਗਈ ਹੁਇ ਤਨ ਪਾਰ ਹੈ ।
ਬੀਚ ਸੇ ਅਸ ਜੋਤ ਨਿਕਸੀ ਸੁਨ ਲੇਹੁ ਤਾਸ ਬਿਚਾਰ ਹੈ ॥
ਰਵਿ ਮੂੰਰਤੰ ਕਿਰਸਾਨ ਜੈਸੇ ਬਿਜ ਚੰਦ ਪ੍ਰਕਾਸ ਕੋ ॥
ਵਹ ਤੇਜ ਪੁਜੰ ਜਗ ਮੰਮੇ ਸਰ ਬਿਸਮ ਨਿਰਖੈ ਤਾਸ ਕੋ ॥

ਪਾਰ ਖਦ ਬੇਬਾਣ ਲੇ ਕਰ ਅਏ ਹਰਿ ਪੁਰ ਤੇ ਤਹੀ ॥
ਜਿਹ ਗਿਰਾ ਲਖ਼ ਪਤਿ ਸਮਰ ਮੈ ਨਿਹਾਰ ਬਾਣੀ ਅਸ ਕਹੀ ॥
ਅਬ ਚਲੋ ਗਰ ਕੋ ਧਾਮ ਕੋ ਬਸਰਾਮ ਪਾਵੋ ਤਾਰ ਕੋ ॥
ਜਹ ਜਰਾ ਜੁਰ ਨਹੀ ਮਿਰਤ ਜਨਮੰ ਸਖ ਸਦ ਅਰਾਮ ਕੋ ॥ 78 ॥

ਚੌਪਈ :- ਜੇ ਜੈਕਾਰ ਹੋਤ ਬਡ ਜਸ ਹੀ ॥
ਕਰੈ ਨਿਰ ਦੇਵਾ ਗਨ ਰਸਿਹੀ ॥
ਸੁਮਨ ਬਰਖ ਕਰ ਰਹੈ ਤਿਹ ਦੇਵਾ ॥
ਬੀਜਨ ਚਮਰ ਢੁਰੇ ਸਿਰ ਸੇਵਾ ॥ 79 ॥

ਦੋਹਰਾ :- ਜਾ ਬਿਧ ਲਖੂ ਕੀ ਕਥਾ ਸੁਨੀ ਸੁ ਕਹੀ ਰਾਸਾਲ ॥
ਮੁਕਤ ਭਇਉ ਬੰਧਨ ਕਟੇ ਪਗੁਰ ਪੁਰ ਬਸਾ ਨਿਹਾਲ ॥ 80 ॥

ਕੁਤਬ ਖਾਨ ਬਹਿਸਤ ਕੋ ਫਰਿਸਤਨ ਦਇਉ ਪੁਚੁਚਾਇ ॥
ਸਨ ਮੁਖ ਗਿਰਾ ਜੁ ਜੰਗ ਮੈ ਅਪਛਰ ਬਰਾ ਸੁ ਚਾਇ ॥ 81 ॥

ਜ਼ਨਮ ਮਰਨ ਕੀ ਸਿਲਕ ਕਟ ਗਏ ਪਾਕ ਤਨ ਹੋਇ ॥
ਨਿਮਕ ਅਦਾ ਕਿਉ ਸੁਵਾਮ ਕੋ ਜਸ ਪਸਰਾ ਤਿਰਈ ਲੋਇ ॥82 ॥

ਅੜਿਲ :- ਲਖੂ ਤਿਆਗੈ ਪਰਾਨ ਸ੍ਰੀ ਗੁਰ ਜਾਨਿਉ ॥
ਆਵਤ ਭੇਸ ਆਪ ਅਸ ਮਖੋਂ ਬਖਾਨਿਉ ॥
ਸਨ ਮੁਖ ਸੂਰਾ ਜੂਝੈ ਜਹਾਂ ਬਿਚ ਖੇਤ ਹਖ ॥
ਹੋ ਕਛ ਸੰਸੋ ਤਿਸ ਨਾਹ ਸੁ ਤਾਹ ਕੁਰ ਖੇਤ ਹੀ ॥ 83 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਸਮ ਮੁਖ ਮਾਥਾ ਸੇਰ ਕਾ ਆਗੈ ਜੁਝੈ ਜੁ ਝਾਰ ।।
ਪੀਠ ਹੇ ਤਹਿ ਗਊ ਕੀ ਤਜ ਰਣ ਖਏ ਜੁ ਮਾਰ ।। 84 ।।

ਰਣ ਬਣ ਤਜੇ ਸੁ ਸੂਰਮਾ ਤਨ ਕੋ ਕਰ ਜੁ ਘਾਊ।।
ਸੁਰ ਪੁਰ ਬਾਸ ਨ੍ਹ ਪਾਵਈ ਲਗੈ ਪਾਪ ਤਿਸ ਗਾਉ ।। 85 ।।

ਚੌਪਈ :- ਲਖੂ ਕਾ ਸੁਨ ਲੇਹੁ ਪ੍ਰਸੰਗ ।।
ਗ੍ਰ ਪੁਰਪਰਾਪਤ ਭਇਆ ਨਿਸੰਗ ।।
ਸਿਖਨ ਸੋ ਆਗਿਆ ਗੁਰ ਕੀਨੀ ।।
ਪਟੀਰਨ ਕੀ ਸੀੜੀ ਰਚ ਲੀਨੀ ।। 86 ।।

ਜਲ ਪਖਾਰ ਦੇਹੀ ਕਾ ਕਰਾ ।।
ਚਿਤਾ ਬੀਚ ਪਾਵਹੁ ਅਸ ਹਰਾ ।।
ਨਿਜ ਕਰ ਅੰਮਰ ਦੀਨ ਦਇਆਲਾ ।।
ਮੁਖ ਪੁਛਿਉ ਚੁਮਿਉ ਤਹ ਭਾਲਾ ।। 87 ।।

ਸ੍ਰੀ ਮੁਖ ਵਾਕ ਦੋਹਰਾ :—

ਧੰਨ ਤਾਤ ਧੰਨ ਮਾਤ ਕੁਲ ਧੰਨ ਧੰਨ ਹੈ ਵਹ ਵੰਸ ।।
ਭਗਤ ਗਿਆਨੀ ਸੂਰਮਾ ਦਾਤਾ ਜਿਨ ਕੀ ਅੰਸ ।। 88 ।।

ਕੁਤਬ ਖਾਨ ਕੋ ਗੁਰ ਖਨਿ ਨਿਕਟਿਹਿ ਦਇਉ ਦਬਾਇ ।।
ਪੈਦੇ ਕੋ ਅਬਿ ਮਾਰਿਐ ਦੀਜੈ ਅਲਖ ਮਿਟਾਇ ।। 89 ।।

ਸਤਿ ਗੁਰ ਪੈਦੇ ਸਿਉ ਕਹਾ ਸੁਨੋ ਬਖਨ ਧਰ ਚੀਤ ।।
ਜੁਧ ਸੁ ਮਹ ਸਨ ਮੁਖ ਕਰੋ ਜਿਉ ਸੂਹਨ ਕੀ ਰੀਤ ।। 90 ।।

ਅੜਿਲ :- ਸੁਨ ਕਰ ਗ੍ਰ ਕੈ ਬਚਨ ਪਠਾਨ ਵਿਚਾਰਰਿਆ ।।
ਮੁਝ ਕੋ ਬਣ ਗੁਰ ਜਾਨਤ ਨਾਹ ਨਿਵਾਰਿਆ ।।
ਸੇਠ ਮੁਖ ਗ੍ਰ ਕੇ ਭਇਉ ਸਸਤਰ ਸੰਭਾਰਾਈ ।।
ਹੋ ਪੈਦੇ ਸੋ ਗੁਰ ਕਹਾ ਪ੍ਰਥਮ ਕਰ ਵਾਰਈ ।। 92 ।।

ਪ੍ਰਥਮੈ ਕੀਨੋ ਵਾਚ ਪਠਾਨ ਸੰਪਾਰ ਕੈ ।।
ਸਰੈ ਸਰਵਣ ਪਾਸ ਸੁ ਗਿਯੋ ਨਿਵਾਰ ਕੈ ।।
ਕਰ ਲੈ ਦੂਸਰ ਵਾਰ ਗੁਰੁ ਜੀ ਆਖਿਉ ।।
ਹੋ ਦੀਨੋ ਤੀਰ ਚਲਾਇ ਸ਼ਰਮ ਨਹ ਰਾਖਿਉ ।। 92 ।।

Sri Satguru Jagjit Singh Ji eLibrary NamdhariElibrary@gmail.com

ਖਬੈ ਕਾਨ ਨਿਕਾਲ ਗਇਓ ਛੁਹ ਬਾਨ ਹੀ ॥
ਮਨ ਮੈ ਲਜਤ ਭਇਓ ਸੁ ਪੈਦੇ ਖਾਨ ਹੀ ॥
ਤੀਸਰ ਕਰ ਲੈ ਵਾਰ ਗੁਰੂ ਜੀ ਭਾਖਿਓ ॥
ਹੋ ਸੁਨ ਕਰ ਗੁਰ ਕੈ ਬੈਨ ਪਠਾਨ ਅਸ ਆਖਿਓ ॥ 93 ॥

ਦੋਹਰਾ :- ਯਕ ਵਾਰ ਹੈ ਮਰਦ ਕੋ ਦੂਸਰ ਹੈ ਲਾਚਾਰ ॥
ਤੀਸਰ ਕਰਨੋ ਨਹ ਭਲੋ ਕਰੋ ਤਵ ਬਚਨ ਸੰਭਾਰ ॥ 94 ॥

ਚੌਪਈ :- ਤੀਸਰ ਜਬ ਤਿਨ ਨਰਾਚ ਤਿਆਗਾ ॥
ਸੀਸ ਸਾਥ ਛੁਹ ਗਇਓ ਸੁ ਆਗਾ ॥
ਰੀਤੋ ਗਇਓ ਸੁ ਤੀਸਰ ਵਾਰੂ ॥
ਮਨ ਮੈ ਮੁਰਖ ਕਰਾ ਵਿਚਾਰੂ ॥ 95 ॥

ਅਬਿਸਤਿ ਗੁਰ ਮੋਹ ਛਾਡਤ ਨਾਹੀ ॥
ਮਰਗ ਸਤਰਾਣੀ ਗਰਸਾ ਸੁ ਤਾਹੀ ॥
ਸਤਿ ਗੁਰ ਤਬੇ ਪਠਾਨ ਹਕਾਰਾ ॥
ਹੁਇ ਹੁਸ਼ਿਆਰ ਅਬ ਕਰ ਹਮ ਵਾਰਾ ॥ 96 ॥

ਅਸ ਕਹਿ ਅਸਵ ਫੇਰ ਚੌਫੇਰਾ ॥
ਤਨ ਸੰਜੋਹ ਨਹ ਛਿਦਰ ਸੁ ਹੇਰਾ ॥
ਸਰਵਣ ਵਿਵਰ ਨਿਹਾਰਾ ਜਬ ਜਾ ॥
ਖਪਰਾ ਪੂਰ ਚਲਾਇਓ ਤਬਿ ਹੀ ॥ 97 ॥

ਲਾਗਤ ਹੀ ਭੂਮੀ ਮਧ ਪਰਾ ॥
ਰਾਖ ਲੇਹੁ ਗੁਰ ਮੁਖੋ ਉਚਰਾ ॥
ਸਤਿ ਗੁਰ ਕਹਾ ਕਲਮਾ ਕਰ ਯਾਦ ॥
ਮਾਰ ਖੜਗਾ ਸਰ ਕਰਾ ਅਜਾਦ ॥ 98 ॥

ਗੁਰ ਕੇ ਸਨ ਮੁਖ ਤਜੈ ਪਰਾਨ ॥
ਭਇਓ ਮੁਕਤ ਕਛੁ ਸੰਸ ਨ ਮਾਨ ॥
ਤਿਨ ਕੇ ਤਨ ਤੇ ਜੋਤ ਜੁ ਨਿਕਸੀ ॥
ਸਭ ਦੇਖਦ ਗੁਰ ਸੁ ਮਿਲ ਬਿਗਸੀ ॥ 99 ॥

ਦੋਹਰਾ :- ਪੈਦਾ ਮਰਾ ਜੁ ਜੰਗ ਮੈ ਸੈਨ ਸੁ ਭਾਈ ਵੈਰਾਨ ॥
ਜੀਤ ਭਈ ਸਤਿ ਗੁਰ ਕ ਤੁਰਕ ਸੁ ਗਏ ਪਲਾਨ ॥ 100 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :-

ਜਬ ਮਰਾ ਪੈਦਾ ਜੰਗ ਮੈ ਸਭ ਗਈ ਸੈਨਾ ਭਾਜ ਕੈ ॥
ਤਜ ਦਏ ਸਸਤਰ ਅਸੰਤਰ ਧਰ ਤਿਰਜ ਭੇਖ ਸੁ ਲਾਜ ਕੈ॥
ਕਚ ਅਰੰ ਝਾਰਨ ਸੰਗ ਜਿਨ ਕੇ ਨਹਿ ਮੁਰ ਕਰ ਹੇਰਈ ॥
ਮਨ ਤਰਾਸ ਸਤਰੂ ਮਾਨ ਕੈ ਛਡਿ ਦੇਹੁ ਮੂਹ ਤੇ ਟੇਰਈ ॥ 101 ॥

ਬਡ ਭਏ ਲਾਜਮ ਤੁਰਕ ਮਨ ਮੈ ਸੁਨੀ ਹਜਰਤ ਬਾਤ ਹੋ ॥
ਸਕਿਸਤ ਖਾਈ ਮੋਹ ਨੇ ਜਿਮ ਚੰਦ ਪੂਨਿਓ ਪਰਾਤਿ ਹੈ ॥
ਇਹੁ ਆਹ ਹਿੰਦੂ ਪੀਰ ਪਰਬਲ ਚਨੇ ਨਹ ਕਛ ਪੇਸ ਹੀ ॥
ਹਮ ਰਹੇਗਾ ਫਲ ਹੋਇ ਸਦ ਹੀ ਜਾਨ ਤਿਨ ਦਰਵੇਸ ਹੀ॥ 102॥

ਬੈਰੀ ਔਰ ਬੇਸੰਤਰੰ ਬਿਆਧ ਤੀਨੋ ਜਾਨਿਐ ॥
ਜੋ ਮਾਨਿ ਹੈ ਲਘ ਇਨੈ ਕੋ ਬਧਵਤ ਨਾ ਉਠ ਮਾਨਿਐ ॥
ਸਰਪ ਸੰਕਨ ਸੀਹੁ ਔਂ ਸਰੀਕ ਚਾਰੋ ਜਾਨ ਕੈ ॥
ਵਿਸਾਹੁ ਇਨ ਕੋ ਨਹ ਕਛੁ ਬੁਧਵੰਤ ਕੀਨ ਵਖਾਨ ਕੈ ॥ 103 ॥

ਜਬ ਮੁਏ ਪੈਂਦਾ ਖਾਨ ਆਦਮ ਰੋਤ ਸੁਨ ਕਰ ਨਾਰ ਹੀ ॥
ਝਰ ਨਾਟ ਮੈਹਲ ਬੀਚ ਹੋਇਤ ਵਹ ਕਰੈ ਊਚ ਪੁਕਾਰ ਹੀ ॥
ਲੰਕ ਮੈ ਗਰਹ ਰਾਵਣ ਮਦੋਦਰੀ ਤੇ ਆਦ ਹੈ ॥
ਤਿਮ ਰੋਤ ਹੈ ਪਠਾਨੀਆਂ ਸੁਣ ਕੰਤ ਕੈ ਕਰ ਯਾਦ ਹੈ ॥ 104 ॥

ਇਦਾਸਾ ਤੁਰਕਨ ਅਸ ਭਈ ਉਤ ਗੁਰ ਕੀ ਸੁਨ ਲੀਜਿਐ॥
ਸਰਧਾ ਸਰਵਣ ਧਰਹ ਪਾਤਰ ਸੁਧਾ ਜਸ ਰਸ ਪੀਜਿਐ ॥
ਜੋ ਤੁਰਕ ਮੁਏ ਖੇਤ ਮੈ ਖਨ ਭੂਮ ਤਾਹ ਦਬਾਇਓ ॥
ਜਥਾ ਜੋਗ ਸੁ ਦਏ ਖਾਫਨ ਜਹ ਕਹਾ ਸੁਨ ਪਾਇਓ ॥ 105 ॥

ਦੋਹਰਾ :- ਕਰ ਸੰਛੇਪ ਬਖਾਨਿਓ ਪੈਦੇ ਖਾ ਕਾ ਜੁਧ ॥
ਸਿਖਨ ਮੁਖ ਤੇ ਜਸ ਸੁਨਾ ਕਛੁ ਆਪਨੀ ਬੁਧ ॥ 106 ॥

ਸਭ ਸੰਗਤਿ ਵਾਚ :-

ਮਾਲਵ ਜੁਧ ਨਹੀਂ ਵਰਨਓ ਸੋ ਸੁਨਨੇ ਕੀ ਚਾਹ ॥
ਸੋਕ ਵਰਨਨ ਕੀਜਿਐ ਸਮਰ ਭਇਉ ਕਸ ਆਹ ॥ 107 ॥

Sri Satguru Jagjit Singh Ji eLibrary NamdhariElibrary@gmail.com

ਕਵ ਵਾਚ :-

ਗੀਆ ਮਾਲਤੀ ਛੰਦ :—

ਵਹ ਆਹ ਕਥਾ ਵਿਸਥਾਰ ਥਾਰੀ ਅਲਪ ਗਾਥ ਸੁ ਭਾਖਿਉ ॥
ਸੁਨ ਲਹੁ ਸਰਧਾ ਹਾਹ ਕੈ ਜਸ ਗੁਰੂ ਕਾ ਉਹ ਰਾਖਿਉ ॥

ਗਏ ਮਾਲਵ ਮਾਹ ਸਤਿ ਗੁਰ ਦੀਨ ਬੰਧ ਸੁ ਜਾਨਿਐ ॥
ਇਤ ਅਸਵ ਲੈ ਕਰ ਸਾਹ ਕੇ
ਪੁਜਾ ਬਿਧੀ ਚੰਦ ਸੁਖਿ ਦਾਨਿਐ ॥ 108 ॥

ਬਦਸਾਹ ਸੁਨ ਦਲਗੀਰ ਹੋਇਉ ਭਾਖਿਉ ਉਮਰਾਵ ਕੋ ॥
ਕੁਈ ਆਹ ਜੋਧਾ ਸੈਨ ਮੈ ਜੁਈ ਲਰੇ ਗੁਰ ਸੰਗ ਜਾਇਕੈ ॥
ਵਜੀਰ ਮੰਤਰੀ ਖਾਨ ਜਿਤਕ ਰਹੇ ਮੋਨ ਸੁ ਹੋਇਕੇ ॥
ਨਹੀ ਉਤਰ ਆਗੈ ਕਿਨ ਦਇਓ ਰਹੇ ਸਭ ਭੁਮੀ ਜਾਇਕੈ। 109॥

ਦੋਹਰਾ :- ਖੰਡਾ ਧਰੰ ਮੈਦਾਨ ਮੈ ਬੀਚ ਕਾਚੇਹਰੀ ਆਨ ॥
ਸ੍ਰੀ ਗੁਰ ਉਪਰ ਪਕੜ ਕੈ ਹੈ ਕੁਈ ਚੜੇ ਜਵਾਨ ॥ 110 ॥

ਤੀਨ ਬੇਰ ਲਾਲਕਾਰ ਕੈ ਸਭ ਕੋ ਕਹਾ ਪੁਕਾਰ ॥
ਮੋਨ ਰਹੇ ਗਰੀਵ ਨੀਚ ਕਰ ਅਵਨੀ ਦਰਸਟ ਨਿਹਾਰ ॥ 111 ॥

ਗੀਆ ਮਾਲਤੀ ਛੰਦ :—

ਮਿਲ ਬੈਠ ਗੁਨ ਜਨ ਬਚਨ ਆਪਸ ਕਰਤ ਹੈ ਬਿਚਾਰ ਹੀ ॥
ਇਹੁ ਕੋਕ ਨਾਰੰ ਪੀਵ ਕੈ ਰਹੈ ਘੂਮ ਅਹਿਨਿਸ ਸਾਰ ਹੀ ॥
ਦਿਨਗ ਮੂੰਦ ਮੁਖ ਰਹੈ ਬਾਇਸ ਦਹੀ ਸੀਸ ਧਰਨੀ ਲਾਇਕੈ ॥
ਨਹ ਖਬਰ ਕਛ ਸੰਸਾਰ ਕੀ ਕਿਆ ਵਰਤਿਐ ਜਗ ਜਾਇਕੈ॥112।

ਕਿਆ ਭਇਓ ਅਸਵ ਲਏ ਸਤਿ
ਗੁਰ ਕੁਸਲ ਇਸ ਮੈ ਜਾਨਿਐ॥
ਕਿਆ ਜਾਣੀਐ ਕਿ ਹੋਇ ਆਗੈ ਈਸ ਭਾਵੀ ਮਾਨਿਐ ॥
ਕਛ ਹੋਤ ਬੁਧ ਬਲ ਸਾਹੁ ਮੈ ਕਿਮ ਅਸਵ ਜਾਤੇ ਧਾਸ ਹੀ ॥
ਸਦਨ ਮਹ ਨਰ ਰਾਖ ਸਾਕੈ ਹਰੇ ਆਵੈ ਕਾਮ ਹੀ ॥ 113 ॥

ਲਲਾ ਕੰਬਰ ਆਦ ਸੂਬੇ ਲੀਓ ਬੀਰੋ ਚਾਇ ਕੈ ॥
ਅਬਿ ਜਾਇਕੈ ਵ ਗੁਰ ਪਕਰ ਲੇਹੁ

Sri Satguru Jagjit Singh Ji eLibrary NamdhariElibrary@gmail.com

ਕੈ ਮਾਰਿਓ ਰ ਠ ਧਾਇਕੈ ॥
ਚੰਦ ਸੂਰਜ ਪਕਰ ਲੇਵਹੁ ਕਰੋ ਰੀਤੋ ਸਿੰਧ ਕੋ ॥
ਸੁ ਮੇਰ ਪਬ ਮਲ ਡਾਰੋ ਕਰੋ
ਧੂਰ ਪਰਬਤ ਬਿਧ ਕੋ ॥ 114 ॥

ਦੋਹਰਾ :- ਜਾਬਿਧ ਬੋਲਿਓ ਗਰਬ ਸਿਉ ਚੜੇ ਸੈਨ ਲੈ ਨਾਲ ॥
ਥਰ ਥਰ ਕਾਂਪਤ ਪ੍ਰਿਥਮੀ ਡੋਲਤ ਭੇਦਿਗ ਪਾਲ ॥
ਗਜ ਬਾਜੀ ਰਥ ਹੈ ਦਏ ਸਸਤਰ ਸੁ ਅਸਤਰ ਜਾਨ ॥
ਸਿਰੋ ਪਾਵ ਡਿਠ ਠੋਕਰ ਬਿਦਾ ਕਰੇ ਬਡ ਮਾਨ ॥ 115 ॥

ਭੁਜੰਗ ਪ੍ਰਯਾਤ ਛੰਦ :—

ਚੜੇ ਬੀਰ ਧੀਰੋ ਸੁ ਜੋਧਾ ਸੁਧਾਰੰ ॥
ਧਰੇ ਸਸਤਰ ਅਸਤਰੰ ਬਕੇ ਮਾਹ ਮਾਰੰ ॥
ਬਜੇ ਸੰਖ ਭੋਰੀ ਸ ਧੌਸਾ ਧੰਕਾਰੈ ॥
ਨਚੈ ਭੂਤ ਪਰੇ ਸੁ ਡਾਕਨ ਡਕਾਰੈ ॥ 116 ॥

ਦਿਨ ਨਾਥ ਲੋਪੰ ਭਏ ਧਰ ਬੀਚੰ ॥
ਨਦੀ ਨਾਥ ਜਾਨੋ ਰਹਾ ਲੀਰ ਕੀਚੰ ॥
ਸਿਵਾ ਸੰਗ ਲੀਨੈ ਸਿਵ ਆਪ ਆਏ ॥
ਕਲਾ ਸਗ ਕੀਨੇ ਕਲੰ ਨਾਥ ਛਾਏ ॥ 117 ॥

ਇਤੇ ਫੌਜ ਸਾਹੰ ਉਤੇ ਚੰਨ ਦਇਯਾਲਾ ॥
ਲਰੇ ਸੰਕ ਤਿਆਗ ਮਰੇ ਤਤ ਕਾਲ੍ਹਾ ॥
ਜਿਤੀ ਫੋਜ ਆਈ ਗੁਰੂ ਪੈਸੁ ਜਾਨੋ ॥
ਜਰੀ ਜੰਤ ਦੀਪੰ ਪਤਗੰ ਸਮਾਨੋ ॥ 118 ॥

ਲਲਾ ਕੰਬਰੰ ਆਦ ਸੁ ਆਹ ਸਬੇ ॥
ਮੂਏ ਖੇਤ ਮਧੰ ਲਜੰ ਸਾਥ ਡੂਬੈ ॥
ਬਚੀ ਸੈਨ ਜੇਤੀ ਭਈ ਭਾਜ ਸਾਰੀ ॥
ਮੁਝੈ ਨਾਹ ਮਾਰੋ ਸੁ ਲੀਜੈ ਉਬਾਰੀ ॥ 119 ॥

ਸਸਤਰ ਤਿਆਗ ਦੀਨੇ ਤਰਯਾ ਭੇਖ ਧਾਰੇ ॥
ਛਪੇ ਝਾੜ ਮਧੰਨ ਕੋਈ ਨਿਹਾਰੇ ॥
ਕਛੂ ਸਾਰ ਹੋਤੀ ਕਬੀ ਨਾਹ ਆਤੇ ॥
ਰਹੇ ਧਾਮ ਮਾਹੀ ਭਿਛਾ ਮਾਗ ਖਾਤੇ ॥ 120 ॥

Sri Satguru Jagjit Singh Ji eLibrary NamdhariElibrary@gmail.com

ਸੁਨੀ ਬਾਦਸਾਹੰ ਖਪੀ ਸੈਨ ਸਾਰੀ ॥
ਨਹੀ ਰੋਮੀ ਬੀਗੋ ਸੁ ਗੁਰ ਕੋ ਨਿਹਤਾਰੀ॥
ਭਜੋ ਸੇਤ ਪੀਰੇ ਮੁਖੰ ਬਾਦ ਸਾਹੰ ॥
ਨਹਾਂ ਪੇਸ ਜਾਤੀ ਸੁ ਸਾਥੰ ਅਲਾਹੰ ॥ 121 ॥

ਦੋਹਰਾ :- ਕਰ ਸੋ ਕਰ ਮੀਡਤ ਭਇਓ ਕਛੁ ਪੇਸ ਨਹੀਂ ਜਾਹ ॥
ਹੋਨ ਹਾਰ ਪ੍ਰਬਲ ਸਦਾ ਤਾਸੋਂ ਕਛ ਨ ਬਸਾਰਾ ॥ 122 ॥

ਚੌਪਈ :- ਸਬਈ ਲੋਥ ਇਕਤਰ ਕਰਾਇ ॥
ਸ੍ਰੀ ਸਤਿ ਗੁਰ ਤਿਹ ਦਏ ਦਬਾਇ ॥
ਦਮ ਦਮਾ ਬਣ ਵਾਇਓ ਗੁਰ ਪੂਰੇ ॥
ਮੂਏ ਮਲੇਛ ਸਭ ਮਿਟੈ ਵਿਸੂਰੇ ॥ 123 ॥

ਦੋਹਰਾ :- ਗੁਰ ਕੀ ਕਥਾ ਬਿਅੰਤ ਹੈ ਕਹੀ ਸੰਛੇਭ ਸੁ ਜਾਨ ॥
ਪੜੇ ਸੁਨੈ ਜੋ ਪਰੀਤ ਕਰ ਪਾਵੈ ਪਦ ਨਿਰਬਾਨ ॥ 125 ॥

ਤੀਸਰ ਜੁਧ ਕਰਤਾਰ ਪੁਰ ਪੈਦੇ ਸੰਗ ਸੁਕੀਨ ॥
ਸਿਖ ਸਖਾ ਸੰਗਤਿ ਅਤਿ ਛਾਏ ॥
ਸਭਿ ਸੰਗਤਿ ਕੋ ਖੁਸੀ ਸੁ ਕੀਨੀ ॥
ਗੁਰ ਹਰਿ ਰਾਇ ਕੀ ਸਰਨ ਸੁਦੀਨੀ ॥ 126 ॥

ਦੋਹਰਾ :- ਸਭਿ ਡੇਰਾ ਸੈਗਤਿ ਜਿਤੀ ਸਪਤਮ ਗੁਰ ਕੋ ਦੀਨ ॥
ਗਵਨ ਸੁ ਕਰਾ ਬੈਕੁੰਠ ਕੋ ਸੁਨ ਸਿਖ ਗੁਰ ਪਰਬੀਨ ॥ 126 ॥

ਜਾਤੇ ਮੈ ਬਿਸ ਤਾਰਨ ਕਰਾ ॥
ਗ੍ਰੰਥ ਬਢਨ ਤੇ ਅਤਿ ਹੀ ਡਰਾ ॥
ਕਰ ਸੰਛੇਪ ਗੁਰ ਕਥਾ ਸੁਨਾਈ ॥
ਭੁਲ ਚੂਕ ਬਸੋਮੋ ਮੋਹ ਭਾਈ ॥ 127 ॥

ਸਵੈਯਾ :- ਧਿਆਉ ਭਇਓ ਗੁਰ ਕੇ ਇਹ ਪੂਰਨ
ਆਗੈ ਸਨੇ ਕਥ ਅਵਰ ਸੁ ਗਾਈ ॥
ਪਠੈ ਸੁਨੈ ਮਨ ਲਾਇਕੈ ਜੋ ਨਰ
ਮੁਕਤਿ ਔ ਭੁਗਤ ਲਹੇ ਸੁਖਦਾਈ ॥
ਰੋਗ ਔ ਸੋਗ ਮਿਟੇ ਸਭ ਹੀ ਸੁ
ਅਰੋਗ ਲਹੇ ਤਨ ਕੋ ਸੁਖਦਾਈ ॥

Sri Satguru Jagjit Singh Ji eLibrary NamdhariElibrary@gmail.com

ਮੋਹ ਤੇ ਅਦਾਕ ਜੇਤਕ ਬੰਧਨ
ਸਿਲਕ ਤੁਟੈ ਗਹੁ ਤੇ ਜਮ ਰਾਈ ॥ 129 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੇ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸੀ ਗਰ ਮਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 140 ॥

ਇਤ ਸ਼੍ਰੀ ਭਾਂਈ ਬੰਨੋ ਪ੍ਰਕਾਸ਼
ਸ੍ਰੀ ਗੁਰ ਜੁਧ ਔਰ ਕਰਤਾਰਪੁਰ ਔਰ
ਵਹ ਮਾਲਵੇ ਦੇਸ ਕਾ ਬ੍ਰਨਨੁ ਇਕਤਾਲੀ
ਸਮੋ ਧਿਆਵ ਸਮਾਪਤ ਮਸਤ ਸੁਭ ਮਸਤ ॥ 141 ॥

--0--

Sri Satguru Jagjit Singh Ji eLibrary NamdhariElibrary@gmail.com

ਬਤਾਲੀਸਮੋ ਧਿਆਵ

ਭਾਈ ਬੰਨੋ ਜੀ ਜੋਤੀ ਜੋਤ ਸਮਾਉਣ ਦਾ ਪ੍ਰਸੰਗ

ਅਰਜੂ :-

ਦੋਹਰਾ :- ਸ੍ਰੀ ਗੁਰ ਚਰਨ ਪਰਤਾਸ ਜਗ ਲਸੈ ਤੇਜ ਜਿਸ ਭਾਨ ॥
ਮਮ ਉਰ ਗਗਨ ਪ੍ਰਕਾਸ ਕਰਮਿਦ ਤਿਮਰ ਅਗਿਯਾਨ ॥ 1 ॥

ਭਾਈ ਜੀ ਕਿਓ ਗਮਨ ਜਸ ਮਿਲੀ ਜੋਤ ਸਿਉ ਜੋਤਿ ॥
ਸੋ ਪ੍ਰਸੰਗ ਵਰਨਨ ਕਰੋ ਕਲ ਮਲ ਉਰ ਤੇ ਖੰਤ ॥ 2 ॥

ਗੀਆ ਮਾਲਤੀ ਛੰਦ .-

ਤਿਆਗ ਨਿਜ ਕਲੇਵਰੰ ਗਏ ਗਰ ਪਰੀ ਨਿਜ ਧਾਮ ਮੈ ॥
ਬਿਸਰਾਮ ਪਾਇਓ ਆਤਮੇ ਪ੍ਰਮਾਤਮੈ ਅਰਾਮ ਮੈ ॥
ਨਿਜ ਰੂਪ ਮੈ ਸਰੂਪ ਦੇਖਾ ਮੁਕਰ ਮੈ ਮੁਖਿ ਮਾਨਿਐ ॥
ਅਪਨੇ ਮਧ ਆਪ ਨਿਰਖਾ ਬਦਨ ਜਿਮ ਵਿਚ ਪਾਨਿਐ ॥ 3 ॥

ਜਲ ਮਾਹ ਆਹ ਤਰੰਗ ਜੈਸੇ ਸਬੀ ਜਲ ਕਾ ਰੂਪ ਹੈ ॥
ਧੂਰ ਮੈ ਸੁ ਧੂਰ ਕਿਣ ਕੇ ਪ੍ਰਿਥਮਾ ਸਰੂਪ ਹੈ ॥
ਮਰੀਚ ਜੋਤ ਭਾਨ ਸਮਾਨ ਜਾਨੋ ਏਕ ਸਭੂ ਜੋਤ ਹੀ ॥
ਨਹਿ ਘਾਟ ਹੈ ਨਹਿ ਵਾਧ ਜਾਮੈ ਓਤ ਓਹੀ ਪੋਤ ਹੀ ॥ 14 ॥

ਨਹ ਆਹ ਸੰਸਾ ਰੰਚ ਵਾਮੈ ਸਰੂਪ ਸੋਈ ਪੇਖਿਐ ॥
ਜਗ ਧਾਰ ਉਪ ਅਵਤਾਰ ਕੋ ਉਧਾਰ ਧਰਨੀ ਕੋ ਕਰਾ ॥
ਉਪਦੇਸ ਨਾਮ ਸੁਦਾਨ ਕੋ ਇਸਨਾਨ ਕਰਸਨਾ ਤੇ ਰਰਾ ॥ 5 ॥

Sri Satguru Jagjit Singh Ji eLibrary NamdhariElibrary@gmail.com

ਨਹੀ ਰਹੀ ਕੂਟ ਸੁ ਰੀਤ ਕੋਈ ਗੁਰੂ ਕੋ ਜਸੁ ਛਾਇਓ ॥
ਉਠ ਪ੍ਰਾਤ ਕਾਲ ਇਸ਼ਨਾਨ ਕਰ ਫੁਨ ਨਾਮ ਰਸਨਾ ਗਾਇਓ ॥

ਸਾਧ ਸੰਤ ਅਥਿਤ ਸੇਵਾ ਕਰੇ ਹਿਤ ਚਿਤ ਲਾਇਕੈ ॥
ਇਹੁ ਰੀਤ ਅਵਨੀ ਸਗਲ ਚਾਲੀ
ਰਹਿਉ ਜਸ ਜਗ ਛਾਇਕੈ ॥ 6 ॥

ਨਿਸਾ ਪਿਛਲੀ ਧਿਆਨ ਨਿਸ਼ਟੰ ਬੈਠਿਐ ਲਿਵ ਲਾਇਕੈ ॥
ਤਬ ਭਇਓ ਕੌਤਕ ਤਾਸ ਔਰ ਭਈ ਭਾਵੀ ਆਇਕੈ ॥
ਰਿਖ ਮੁਨੀ ਪਿਤਰ ਸੁ ਦੇਵ ਸਭਈ ਗਣਗੱਧਰਬੰ ਦੇਖਐ ॥
ਕਾਲ ਚਕਰ ਜੋਰ ਆਗੇ ਖਰੋ ਆਨ ਸੁ ਪੇਖਿਐ ॥

ਕਰ ਜੋਰ ਸੀਸ ਨਿਵਾਇ ਕੈ ਮਨ ਸੁਕਰ ਮੁਖ ਅਸ ਭਾਖਿਐ॥
ਅਸ ਹੁਕਮ ਹੈ ਰਜੂਰ ਕੋ ਸੁਨ ਲੇਹੁ ਤੁਮ ਮੈ ਆਖਿਉ ॥
ਜੇ ਹੋਇ ਮਰਜੀ ਆਪ ਕੀ ਤਉ ਰਹੋ ਉਰਬੀ ਲੋਕ ਮੈ ॥
ਨਹੀਂ ਚਲੋ ਆਗੇ ਦੇਵ ਪੁਰ ਮੈ ਬਸੋ ਗੁਰ ਕੇ ਓਕ ਮੈ ॥ 8 ॥

ਦੋਹਰਾ :- ਜੋ ਇਛਾ ਹੋਇ ਆਪ ਕੀ ਰਹੋ ਬਰਹਮ ਕੇ ਧਾਮ ॥
ਜੇ ਚਿਤ ਰੁਚੀ ਬੇਕੁੰਠ ਕੀ ਚਲੀਏ ਮਨੋ ਜਾਮ ॥ 9 ॥

ਚੌਪਈ :- ਗੁਰ ਮੂਰਤਿ ਕੀ ਇਛਾ ਹੋਇ ॥
ਗੁਰ ਅਰਜਨ ਪਦਵੀ ਮਗ ਜੋਇ ॥
ਅਵਰ ਸਕਤਿ ਹਮਰੀ ਰੰਚ ਰੰਚ ॥
ਤੁਮ ਸੋ ਬਚਨ ਬਖਾਨੋ ਬੰਚ ॥ 10 ॥

ਦੋਹਰਾ :- ਅਵਰ ਜਗਤ ਕੇ ਜੀਵ ਜੇ ਵਸ ਕੀਨੈ ਸਭ ਕਾਲ ॥
ਸੰਤਨ ਪਰ ਨਹ ਬਲ ਚਲੇ ਚਰਨ ਨਿਵਾਵੈ ਭਾਲ ॥ 11 ॥

ਚੌਪਈ :- ਤਬ ਭਾਈ ਜੀ ਨੈਨ ਉਘਾਰੇ ॥
ਦੇਖੇ ਸੁਰ ਮੁਨ ਗਣ ਰਿਖ ਸਾਰੇ ॥
ਕਾਲ ਰੂਪ ਦਿਖਕਰ ਅਤਿ ਬਿਗਸੇ ॥
ਐਸੇ ਬਚਨ ਸੁ ਮੁਖ ਤੇ ਨਿਕਸੇ ॥ 12 ॥

ਤੁਮਰੋ ਆਵਨ ਹੈ ਬਡ ਭਾਰੀ ॥
ਹੇ ਮੁਨ ਰਿਖ ਸੁਰ ਸੁਨੋ ਵਿਚਾਰੀ ॥
ਤੁਮ ਜਾਵੋ ਆਪਨੇ ਨਿਜ ਧਾਮ ॥
ਹਮ ਗੁਰ ਪਦ ਮਹ ਕਰ ਬਿਸਰਾਮ ॥ 13 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਦਿਨ ਸੋ ਬਚਨ ਸੁ ਅਸ ਕਹੈ ਭਾਈ ਜੀ ਸੁਖ ਕਾਰ ॥
ਅਪਨੇ ਅਪਨੇ ਲੋਗ ਮੈ ਗਏ ਦੇਵ ਮੁਨ ਸਾਰ ॥ 14 ॥

ਗੀਆ ਮਾਲਤੀ ਛੰਦ :-

ਜਬ ਬਿਦਾ ਕੀਨੇ ਕਾਲ ਆਦਮ ਸੁਰ ਨਰ ਜਾਨਿਐ ॥
ਉਥਾਨ ਬਿਰਤ ਭੀ ਜਗਤ ਤੇ ਜਲ ਕੰਜ ਨਿਆਈ ਮਾਨਿਐ ॥
ਅਸ ਗਤੀ ਨਿਜ ਤ੍ਰਿਯਾ ਨਿਰਖ ਤਾਕੀਮਧ ਆਤਮ ਜਾਨਿਐ ॥
ਅਜ ਕਲ ਛਾਡ ਕਲੇਵਰੰ ਪਰੋਲੋਕ ਜਾਤ ਸੋ ਮਾਨਿਉ ॥ 15 ॥

ਇਕਾਂਤ ਠੌਰ ਨਿਹਾਰ ਕੈ ਅਈ ਸੀਸ ਚਰਨੀ ਲਾਇਉ ॥
ਕਛੁ ਬਾਤ ਪੂਛੋ ਆਪ ਤੇ ਸਚ ਭਾਖਿ ਮੁਖ ਤੇ ਗਾਇਉ ॥
ਮੁਹ ਆਹ ਦਾਸੀ ਆਦ ਕੀ ਸਦ ਰਹੀ ਚਰਨੀ ਲਾਗਿ ਕੈ ॥
ਨਹ ਅੰਤਰਾ ਕਛੁ ਰਾਖਿਉ ਕਹੋ ਸਾਚ ਮੁਹ ਅਨਰਾਗਿਕੈ ॥ 16 ॥

ਦੋਹਰਾ :- ਸਨੀ ਬਾਤ ਜੱਗ ਮਾਤ ਕੀ ਬਚਨ ਕਹੇ ਸਮਝਾਇ ॥
ਗਮ ਨ ਕਰੇ ਪਰਲੋਕ ਕੋ ਅਲਪ ਦਿਵਸ ਮੈ ਜਾਇ ॥ 17 ॥

ਚੌਪਈ : ਸੁਨ ਕਰ ਬਿਸਮ ਭਈ ਜਗਮਾਤ ॥
ਮੋਹ ਮਤ ਤਿਆਗ ਸੁ ਆਪ ਸਿਧਾਤ ॥
ਤੁਮਰੀ ਆਗਿਆ ਜੇਕਰ ਹੋਇ ॥
ਕਰੋ ਗਵਨ ਪਰਲੋਕ ਸੁ ਮੋਇ ॥ 18 ॥

ਦੋਹਰਾ : ਬਿਨਾ ਕੰਤ ਜਗ ਨਾਰ ਕੋ ਬਡੋ ਸੁ ਅਹੇ ਕਲੇਸ ॥
ਛੁਧਾ ਪਿਪਾਸਾ ਬਰਤ ਸਿਉ ਰਹੋ ਮਲੀਨੇ ਭੇਸ ॥ 19 ॥

ਆਠ ਦੋਖ ਹੈ ਨਾਰ ਮੈ ਕਹੈ ਸਿਆਨੇ ਲੋਗ ॥
ਬਿਨ ਭਗਤ ਸੁਖ ਨਹ ਲਹੈ ਪਾਵੇ ਨਹ ਪਰਲੋਗ ॥ 20 ॥

ਦਹਰਾ : ਸੰਸਾ ਅਨਰਤ ਚਪਲਤਾ ਮਾਇਆ ਕੀ ਰਚੁ ਜਾਨ ॥
ਭੈ ਅਬ ਅਬਿਬੇਕ ਅਸੋਚਹੀ ਅਦਇਆ ਸੁ ਆਨ ਪਛਾਨ॥ 21 ॥

ਗੀਆ ਮਾਲਤੀ ਛੰਦ :

ਨਰ ਬਾਤ ਭਾਖੈ ਕਿਸੀ ਸੋ ਮੁਖ ਜਪੈ ਸਦਹੀ ਨਾਮ ਹੈ ॥
ਬਸਨ ਸਦ ਮਲੀਨ ਤਨ ਮੈ ਪੂਖਨੰ ਨਹਿ ਕਾਮ ਹੈ ॥
ਫੂਲ ਪਾਨ ਸੁਗੰਧ ਆਦਕ ਤਿਆਗ ਅਲਪ ਆਹਰ ਹੀ ॥
ਇਕ ਨਾਮ ਉਰ ਮੈ ਰਾਮ ਕੋ ਤਜ ਅਵਰ ਜਗ ਬਿਵ ਹਾਰਿ ਹੀ ॥

Sri Satguru Jagjit Singh Ji eLibrary NamdhariElibrary@gmail.com

ਕਰ ਸੰਤ ਸੇਵਾ ਪੂਜ ਦੇਵਾ ਮੋਹ ਨਹ ਉਰ ਆਨਿਐ ॥
ਨਹ ਗੀਤ ਰਾਗੰ ਕੋਤਕੰ ਨਟ ਨਾਟਕੰ ਬਰਤ ਠਾ ਨਐ ॥
ਨਾਰ ਚੰਚਲ ਸੰਗ ਤਿਆਗੈ ਕਰੈ ਨਹ ਤਹ ਮੇਲ ਹੀ ॥
ਪਰ ਪੁਰਖ ਸੋ ਨਹ ਬਾਤ ਭਾਖੈ ਰਹੈ ਸਦ ਅਕੇਲ ਹੀ ॥ 22 ॥

ਇਕਾਦਸੀ ਸੇ ਅਦਿ ਬਿਰਤੰ ਧਰੇ ਤਾਕੋ ਧਰਮ ਹੈ ॥
ਤੁਲਸ ਆਦ ਸੁ ਸੇਵ ਦੁਰਗਾ ਕਰੇ ਸਿਵ ਗੁਰ ਕਰਮ ਹੈ ॥
ਗੰਗ ਆਦਕ ਆਹ ਤੀਰਥ ਰਟਨ ਪਗ ਸਿਉ ਕੀਜਿਐ ॥
ਵਰਨ ਆਸਰਮ ਰੀਤ ਜੋਈ ਜਤਨ ਸੇਵ ਮਨ ਦੀਜਿਐ ॥ 23 ॥

ਚੌਪਈ :- ਜਥਾ ਸਕਤ ਦੇਵੈ ਕਛੁ ਦਾਨ ॥
ਨਿਤ ਪਰਤਿ ਕਰੈ ਸਰੀਰ ਇਸਨਾਨ ॥
ਨਿਤ ਨੇਮ ਐਸੀ ਬਿਰਤ ਧਰੈ ॥
ਹਾਸ ਬਲਾਸ ਨ ਕਿਸ ਸੰਗ ਕਰੈ ॥ 24 ॥

ਦੋਹਰਾ :- ਜਾਬਿਧ ਲਛਨ ਨਾਰ ਕੇ ਕਰੈ ਬੇਦ ਬਖਿਆਨ ॥
ਬਿਨਾ ਕੰਤ ਦੁਖ ਤਿਰਆ ਕੋ ਸੁਨੇ ਸੁ ਵਾਮ ਧਰ ਧਿਆਨ ॥25 ॥

ਚੌਪਈ :- ਮੁਝ ਕੋ ਆਗਿਆ ਹਇ ਸੁਵਾਮੀ ॥
ਤਵ ਚਰਨ ਪਰਸੋ ਸੁਰ ਗਾਮੀ ॥
ਆਦ ਮਧ ਅੰਤ ਤਵ ਦਾਸੀ ॥
ਸਭ ਗਤਿ ਜਾਨੋ ਤੁਮ ਅਬਨਾਸੀ ॥ 26 ॥

ਤਬ ਭਾਈ ਆਗਿਆ ਤਿਨ ਦਈ ॥
ਬਨਤਾ ਮਾਨ ਸੀਸ ਤੇ ਲਈ ॥
ਕਛੁ ਦਿਨ ਅਨਮਨ ਚਿਤ ਤਹ ਭਾਇਉ ॥
ਦਾਨ ਪੁਨ ਜਪ ਆਦਸੁ ਕਇਉ ॥ 27 ॥

ਗੀਆ ਮਾਂਲਤੀ ਛੰਦ :—

ਜਬ ਸੁਨੀ ਬਾਤ ਸੁਨੁਖਾ ਤਾਕੀ ਅਈ ਚਲ ਕਰ ਪਾਸ ਹੈ ॥
ਕਰ ਜੋਰ ਸੀਸ ਨਿਵਾਇਕੈ ਸੁਖ ਪੂਛਤੀ ਮੁਖ ਤਾਸ ਹੈ ॥
ਕਛ ਮਾਤ ਸਿਖਿਆ ਦੇਹੁ ਮੁਝ ਕੋ ਹੀਏ ਮਹ ਧਰ ਲੀਜਿਐ ॥
ਜੋ ਬਚਨ ਮਾਨੈ ਬਡਨ ਕੇ ਦੁਏ ਲੋਕ ਮੈ ਸੁਖ ਕੀਜਿਐ ॥ 28 ॥

ਦੋਹਰਾ :- ਸੁਨੇ ਥਾਕ ਜਬ ਨੁਖਾ ਕੇ ਮਾਤਾ ਸਿਖਿਆ ਦੀਨ ॥
ਸੁਨ ਪੁਤਰੀ ਤੁਮ ਸੋ ਕਹੋ ਸਬ ਬਿਧ ਅਹੋ ਪਰਬੀਨ ॥ 29 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਪ੍ਰਿਥਮੀ ਸਿਖਿਆ ਕੀ ਇਹੁ ਰੀਤਿ ॥
ਸਾਸ ਸਸੁਰ ਭਰਤਾ ਸੰਗ ਪਰੀਤ ॥
ਪਰਾਤ ਕਾਲ ਉਠ ਕੈ ਕਰ ਜੋਰ ॥
ਸੀਸ ਨਿਵਾਇ ਤਹ ਪਦ ਓਰ ॥ 30 ॥

ਅਸਨ ਬਸਨ ਅਦਕ ਸਭ ਸੇਵ ॥
ਨਿਤ ਪਿਰਤ ਪੂਜੇ ਤਿਹ ਗੁਰ ਦੇਵ ॥
ਭਰਤਾ ਕੀ ਸੇਵਾ ਸਵਧਾਨ ॥
ਤਿਨ ਕੋ ਜਾਨੈ ਸਮ ਭਗਵਾਨ ॥ 31 ॥

ਪ੍ਰਿਥਮ ਸੁ ਭੋਜਨ ਤਿਨੈ ਖਵਾਇ ॥
ਫਿਰ ਪਾਛੇ ਆਪਨ ਮੁਖ ਪਾਇ ॥
ਕਟ ਬਚ ਕਬੂ ਨ ਤਿਨ ਸੰਗ ਬੋਲੈ ॥
ਪਰ ਗ੍ਰਿਹ ਜਾਇ ਨ ਇਤ ਉਤ ਡੋਲੈ ॥ 32 ॥

ਗੀਆ ਮਾਲਤੀ ਛੰਦ :-

ਨਹ ਪੂਤ ਮੁਖ ਫਿਟਕਾਰ ਹੀ ਕਰੇ ਕਲਾਨ ਕਿਸ ਸੰਗ ਹੀ ॥
ਨਹ ਵਾਦ ਝਗਰਾ ਕਿਸੀ ਸਿਉ ਉਰ ਧਰੇ ਨਾਮ ਸੁਰੰਗ ਹੀ ॥
ਸੰਤ ਸਾਧ ਸੁ ਸੇਵ ਸਦ ਹੀ ਧਰਮ ਮੈ ਬਤ ਲਾਗ ਹੈ ॥
ਨਹ ਸਵਾਸ ਬਿਰਥਾ ਭਜਨ ਤੇ ਨਿਸ ਜਾਮ ਪਿਛਲੀ ਜਾਗ ਹੈ ॥33॥

ਜੋ ਬਡਾ ਜਾਨੈ ਆਪ ਤੇ ਵਹ ਪਿਤਾ ਕੇ ਤੁਲ ਲੇਖਿਐ ॥
ਜੋ ਅਪਨੇ ਸਮ ਆਹ ਪੁਰਸ਼ਾ ਭਗਤ ਸਮ ਤਿਸ ਪੇਖਿਐ ॥
ਆਪ ਤੇ ਘਟ ਪੂ ਸਮ ਇਹ ਭਾਂਤ ਰੀਤ ਬਿਚਾਰਿਐ ॥
ਇਸ ਭਾਂਤ ਸਿਛਿਆ ਸਮਝਕੈ ਨਹ ਕਬਹੂੰ ਉਰ ਤੇ ਟਾਰਿਐ ॥34 ॥

ਚੌਹਰਾ :- ਜਾ ਬਿਧ ਸਿਛਿਆ ਮਾਤ ਕੀ ਧਰੀ ਸਰਵਣ ਸਭ ਪਰੀਤ ॥
ਚਰਨਨ ਸੀਸ ਨਿਵਾਇਕੈ ਉਰ ਧਾਰੀ ਇਹੁ ਰੀਤ ॥ 35 ॥

ਚੌਪਈ :- ਭਾਈ ਜੀ ਕੇ ਚਰਨਨ ਧਿਆਨ ॥
ਜਗ ਜਨਨੀ ਤਿਆਗਤ ਭੀ ਪਰਾਨ ॥
ਕਰਮ ਧਰਮ ਮਿਰਤਕ ਬਿਉਹਾਰ ॥
ਸੁ ਸਭ ਕਰੇ ਸੁ ਲੋਕਾ ਕਾਰ ॥ 36 ॥
ਸ੍ਰੀ ਗੁਰ ਗ੍ਰੰਥ ਸਾਹਿਬ ਕਾ ਪਾਠ ॥
ਕੀਰਤਨ ਕਥਾ ਹੋਤ ਭਇਓ ਠਾਟ ॥

Sri Satguru Jagjit Singh Ji eLibrary NamdhariElibrary@gmail.com

ਜਾ ਬਿਧ ਮਾਤਾ ਦੇਹ ਤਿਆਗ ॥
ਦੇਵ ਦੇਹ ਪਾਈ ਬਡ ਭਾਗ ॥ 37 ॥

ਦੋਹਰਾ :- ਇਹੁ ਜਗ ਧੂਏ ਧੌਲ ਹਰ ਮਿਰਗ ਤਿਰਸ਼ਨਾ ਜਲ ਜਾਨ ॥
ਗੰਧਰਬ ਨਗਰ ਸਮ ਦੇਖੀਐ ਆਹ ਝੂਠ ਸਚ ਭਾਨ ॥ 38 ॥

ਮਾਨੁਖ ਜਨਮ ਕੋ ਪਾਇਕੈ ਕਰ ਲੈ ਪਰ ਉਪਕਾਰ ॥
ਫਿਰ ਨਹ ਅਵਸਰ ਆਇ ਹੈ ਲੇਹੁ ਸੁ ਹੀਏ ਵਿਚਾਰ ॥ 39 ॥

ਕਛੁ ਦਿਨ ਬੀਤੇ ਅਲਪ ਜਬ ਭਾਈ ਕਰਾ ਉਚਾਰ ॥
ਜੀਰਣ ਦੇਹੁ ਇਹੁ ਤਿਆਗ ਕੈ ਗੁਰ ਪੁਰ ਗਮਨ ਸੁਧਾਰ ॥ 40 ॥

ਸਵੈਯਾ :- ਸੰਗਤਿ ਪਿਰਤ ਅਸ ਬਾਤ ਕਹੀ ਅਬ
ਅਵਸਰ ਅਤ ਸੁ ਆਇ ਗਇਉ ॥
ਇਹੁ ਤਿਆਗ ਕਲੇਵਰ ਗਮਨ ਕਰੋ
ਗੁਰ ਧਾਮ ਬਿਖੈ ਸੁ ਅਰਾਮ ਕਇਉ ॥
ਨਹ ਜਨਮ ਜਰਾਮਿਰਤ ਭੈਨ ਤੇਹਾਂ
ਵਹ ਸੁਧ ਸਰੂਪ ਅਰੂਪ ਛਇਉ ॥
ਤਹ ਸੂਰਜ ਚੰਦ ਨ ਰੈਨ ਦਿਨਾ
ਧਿਆਨ ਪਰਾਤ ਸੰਧਯਾਨ ਨਇਉ ॥ 41 ॥

ਸੁਨ ਕੈ ਸਭਿ ਸੰਗਤਿ ਬਿਸਮ ਭਈ ਤੁਮ
ਤਿਆਗ ਚਲੈ ਹਮ ਕੋ ਸੁਖ ਦਾਈ ॥
ਕਿਸ ਕੀ ਅਬ ਸਰਨ'ਰਹੋ ਕਿਰਤ ਆਸਰ
ਖਿਆਲ ਕਰਾ ਪਰਲੋਕ ਸੁ ਭਾਈ ॥
ਤੁਮ ਬਿਨ ਆਹ ਸੁ ਜੀਵਨ ਮੋਹ ਕੋ
ਜਿਮ ਸਫਰੀ ਜਲ ਹੀਨ ਸੁ ਆਹੀ ॥
ਚੰਦਰ ਬਿਹੀਨ ਬਿਭਾਵ ਹੀ ਹੈ ਜਸ
ਦੀਪ ਬਿਨਾ ਮੰਦਰ ਦੁਖਦਾਈ ॥

ਦੋਹਰਾ :- ਬਿਨਾਂ ਰਾਵ ਰਈਯਤ ਲਖੋ ਬਿਨ ਫਲ ਬਿਰਧ ਪਛਾਨ ॥
ਬਿਨ ਦਿਨੇਸ ਚਕਵੀ ਅਹੇ ਤਿਮ ਰਤਿ ਹਮਰੀ ਜਾਨ ॥ 43 ॥

ਬਿਪਰ ਹੀਨ ਬਿਨ ਬਿਦਿਆ ਮਾਨ ਹੰਸ ਸਰੋਵਰ ਹੰਸ ॥
ਨਹ ਸੁਖ ਪਾਵਤ ਠੌਰ ਬਿਨ ਸਮਝ ਲੇਹੁ ਅਵਤੰਸ ॥ 44 ॥

Sri Satguru Jagjit Singh Ji eLibrary NamdhariElibrary@gmail.com

ਜਾ ਬਿਧ ਸੰਗਤਿ ਬੇਨਤੀ ਕਰੀ ਸੁ ਚਰਨ ਹਜੂਰ ॥
ਹਮ ਲੜ ਪਕੜੋ ਕਵਨ ਕਹੋ ਸਾਚ ਨਹ ਕੂਰ ॥ 45 ॥

ਗੀਆ ਮਾਲਤੀ ਛੰਦ :—

ਸੁਨ ਬਚਨ ਸੰਗਤਿ ਪਿਰਤ ਕਹੈ
ਮੁਝ ਨਾਹ ਤੁਝ ਤੇ ਨਿਆਰਿਆ ॥
ਜਲਤਰੰਗ ਤਰੰਗ ਜਲ ਹੈ
ਓਤ ਪੋਤ ਨਿਹ ਨਿਆਰਿਆ ॥
ਦੁਇ ਰੂਪ ਆਹ ਸਰੂਪ
ਮੇਰੇ ਭੂਤ ਪੰਚਕ ਏਕ ਹੈ ॥
ਦੁਸਰ ਹੈ ਸਬਦ ਨਿਰਗੁਣ
ਸਮਝ ਸਾਚ ਵਵੇਕ ਹੈ ॥ 46 ॥

ਦੇਹ ਸੰਗ ਜ ਪਰੀਤ
ਕਰਿਉ ਮਿਲੋ ਬਿਛਰਨ ਜਾਨਿਐ ॥
ਸਬਤਿ ਸੰਗ ਸਨੇਹੁ ਜੇਕਰ
ਜਨਮ ਮਿਰਤ ਹੁਇ ਹਾਨਿਐ ॥
ਗੋਹੂਰ ਗੇਹਰ ਗੰਭੀਰ
ਸਾਗਰ ਆਹ ਰਤਨੀ ਪੂਰ ਹੈ ॥
ਤੁਮ ਚੁਗੋ ਮੁਕਤਾ ਹੰਸ ਹੁਇ
ਕਛ ਨਾਹ ਤਹ ਕਸੂਰ ਹੈ ॥ 47 ॥

ਇਹੁ ਆਹ ਸਿਖਿਆ ਮੋਹ ਕੀ
ਉਰ ਧਾਰਇਨ ਕੋ ਲੀਜਿਐ ॥
ਸਦ ਸੁਖੀ ਨਿਜ ਪਤ ਮਾਹ
ਗਮਨੋ ਦੂਖ ਸਦ ਹੂ ਛੀਜਿਐ ॥
ਨਿਤ ਸੁਨੋ ਬਾਣੀ ਗ੍ਰੰਥ ਗੁਰ
ਕੀ ਪਾਠ ਕੀਜੈ ਪਰੀਤ ਹੀ ॥
ਉਰਧਾਰ ਸਬਦਿ ਵਿਚਾਰ ਨਿਸਚੈ
ਅਹੈ ਨਿਰਮਲ ਰੀਤ ਹੀ ॥ 48 ॥

ਸਾਸ ਸਾਸ ਜਪ ਨਾਮ
ਹਰਿ ਕੇ ਬੈਠ ਕੋ ਇਕਾਂਤ ਮੈ ॥

Sri Satguru Jagjit Singh Ji eLibrary NamdhariElibrary@gmail.com

ਪੜਾ ਵਾਕ ਵਿਚਾਰ ਨਿਸਚੈ
ਕਹੈ ਜੋਇ ਵਿਦਾਤ ਮੈ ॥
ਦਇਉ ਸੰਗਤਿ ਧੀਰਜੰ ਸਬਰ
ਹੈ ਥਿਰਤ ਕੋ ਜੋਰ ਕੈ ॥
ਵਿਚਾਰ ਥਿਰਤ ਕੋ ਧਾਰ ਉਰ
ਮੈ ਰਹੈ ਬੰਧਨ ਤੌਰ ਕੈ ॥

ਦੋਹਰਾ :— ਅਵਸਰ ਅੰਤ ਵਿਚਾਰ ਕੈ ਮਿਲੈ ਆਨ ਕਰਤਾਤ ॥
ਚਰਨ ਕਮਲ ਨਿਜ ਪਰਸ ਕੈ ਪੂਛਤਿ ਭਏ ਸੁ ਬਾਤ ॥ 50 ॥

ਤੋਟਕ ਛੰਦ :- ਤੁਮਰੀ ਥਿਰਤ ਮੋਹ ਉਦਾਸ ਲਖੀ ॥
ਜਗ ਬੀਚ ਰਹਾਸਨ ਆਸਰਖੀ ॥
ਇਹੁ ਸੰਸੇ ਪੁਰ ਸੰਸਾਰ ਅਹੈ ॥
ਇਨ ਕੋ ਕਛ ਵਾਰਨ ਪਾਰ ਲਹੇ ॥ 51 ॥

ਤੁਮ ਪੂਰਨ ਪਾਵਨ ਦੇਹੁ ਧਰੀ ॥
ਜਗ ਤਾਰ ਸੁ ਪਾਰਹ ਸਿਰਸ਼ਟ ਕਰੀ ॥
ਮੁਝ ਕੋ ਕਛੁ ਭੇਦ ਬਤਾਵਹੁਜੀ ॥
ਭਵ ਸਾਗਰ ਪਾਰ ਲੰਘਾਵਹੁ ਜੀ ॥ 52 ॥

ਚੌਪਈ :- ਸਭਿ ਮਿਲ ਬਾਤ ਤਾਤ ਪਿਰਤ ਕਹੈ ॥
ਸਨ ਸਤ ਬਚਨ ਮੌਨ ਹੋਇ ਰਹੈ ॥
ਏਕ ਮਹੂਰਤ ਐਸ ਬਿਤਾਇਉ ॥
ਦੋ ਪਲ ਕਰ ਜੋਰ ਸੁ ਮਲ ਸੁਨਾਇਉ ॥ 53 ॥

ਇਸ ਜਗ ਕੋ ਸਭ ਕਠਨ ਬਿਵ ਹਾਰ ॥
ਕਛੁ ਸਿਖਿਆ ਦੀਜੈ ਮਤਿਸਾਰ ॥
ਹਮ ਮਹੈ ਤਵ ਚਰਨਨ ਕੀ ਆਸ ॥
ਜਿਮ ਸਫਰੀ ਸਦ ਜਲ ਕੀ ਪਿਆਸ ॥

ਦੋਹਰਾ :- ਸਭ ਹੀ ਨਿਮਰ ਸੁ ਭਾਵ ਹੁਇ ਕਰਤ ਭਏ ਅਰਦਾਸ ॥
ਕਛ ਬੁਧ ਮਤਿ ਮੁਹ ਦੀਜੀਐ ਜਾਨ ਅਪਨੋ ਦਾਸ ॥ 55 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛਦ :-

ਜਬ ਸੁਨਾ ਪੂਤਨ ਵਾਕ ਕੋ ਫਿਰ ਐਸ ਉਤਰ ਭਾਖਿਉ ।।
ਜਲ ਕਮਲ ਜਿਉ ਜਗ ਰਹੋ ਐਸ ਕਿਸੀ ਕੁਛਨਹਆਖਿਉ।।
ਨਹ ਕਰੋ ਸੰਗਤਿ ਮੂੜ ਕੀ ਨਹ ਬੈਠ ਤਾਸਿਉ ਕੀਜਿਐ ।।
ਤਨ ਚਾਟ ਸਵਾਨ ਅਪਾਵਨੰ ਕਟ ਦਖ ਦੇਹੀ ਛੀਜਿਐ ।। 56 ।।

ਸਰਪ ਭੂਤ ਸੁ ਪਰੇਤ ਆਦਕ ਹੋਤ ਹੈ ਵਸ ਮਤਰ ।।
ਥਕ ਰਹਾ ਬਿਧ ਉਪਾਵ ਜੇਤਕ ਨਹ ਕਰਾ ਖਲ ਕੋ ਜੰਤਰੰ ।।
ਅਗਨਿ ਸਿੰਘ ਜਲ ਆਛਿ ਜਾਨੋ ਆਹ ਭਉ ਇਸ ਲੋਕ ਕੋ ।।
ਖਲ ਸੰਗਤਿ ਦੁਖ ਹੋਇ ਈਹਾਂ ਕਸਟ ਹੈ ਪਰਲੋਕ ਕੋ ।। 57 ।।

ਸੰਤ ਸੇਵ ਸਮਾਗਮੰ ਬਿਰਤ ਰਹੈ ਸਦ ਹੀ ਧਿਆਨ ਮੈ ।।
ਈਰਖਾ ਅਰ ਚੁਗਲੀ ਕਬ ਕਹੈ ਨ ਮਦ ਪਾਨ ਮੈ ।।
ਚੌਰ ਜਾਰ ਜਾਰੀ ਆ ਨਹ ਕਰੇ ਤਿਨ ਸੰਗ ਹੇਤ ਹੀ ।।
ਜਪ ਤਪ ਸੰਜਮ ਨੇਮ ਬਿਰਤ ਸਦ ਰਹੈ ਧਰਮ ਨਕੇਤ ਹੀ ।।58।।

ਛਲ ਕਰੋ ਨਾਹ ਵਪਾਰ ਮੈ ਮੁਖੋ ਸਾਚ ਸੁਖਨ ਸੁ ਬੋਲਿਹੈ ।।
ਨਹ ਦਸਾ ਕੀਜੈਕਿਸੀ ਸਿਉ ਘਟ ਨਾਹ ਕਹਿ ਕਰ ਤੋਲਹੈ।।
ਪਰ ਧਾਮ ਨਹ ਚਲ ਜਾਈਐ ਨਿਜ ਬੈਸਹਰ ਹੁਣ ਗਾਇਐ ।।
ਵਿਚਾਰ ਮੈ ਬੁਣ ਰਹੈ ਕਾਇਮ ਪੁਰਮ ਪਦਵੀ ਪਾਇਐ ।। 59 ।।

ਪਰਾਤਕਾਲ ਇਸਨਾਨ ਕਰ ਮਖ ਪਨੇ ਬਾਈ ਪਾਨਹੀ ।।
ਬਿਰਤ ਜੋੜ ਕਰ ਇਕਾਗਰ ਮਧ ਆਂਤ ਮੈ ਇਹੁਥਾਠਹੀ ।।
ਪਰ ਨਾਰ ਪਰ ਧਨ ਤਿਆਗ ਕੈ ਇਹੁ ਸਿਖਾਅਗਨੀਜਾਨਿਐ ।।
ਜੋ ਪਰੇ ਜਰੈ ਪਤੰਗ ਜਿਉ ਨਹ ਬਚੈ ਅਸ ਉਰ ਆਨਿਐ ।। 60 ।।

ਕਾਮ ਕਰੋਧ ਆਹੰਕਾਰ ਲੋਭੰ ਮੋਹ ਝੂਠ ਨਹ ਲਾਗਿਐ ।।
ਵਿਚਾਰ ਵਿਦਿਆ ਪੜ ਕਰੈ ਬਿਰਤ ਜੋੜ ਆਤਮ ਪਾਗਿਐ।।
ਧੰਨ ਵਿਦਿਆ ਗੁਣ ਪਾਇਕੈ ਮਨ ਨਿਮਰਤਾ ਕੋ ਧਾਰ ਹੀ ।।
ਸੁਫਲ ਬਿਰਛ ਜਿਮ ਪਾਇ ਫਲ ਕੋ ਨਿਵੈ ਧਰ ਸੈ ਡਾਰਿ ਹੀ।। 61 ।।

ਦੋਹਰਾ :- ਕਰੈ ਨ ਤਿਸ ਕੀ ਜਾਮਨੀ ਜਦਪ ਬਡ ਹਿਤ ਹੋਇ ।।
ਰਿਣ ਨਹੀਂ ਲੇਵੈ ਕਿਸੀ ਤੇ ਲੈ ਤੁਰਤ ਦੇ ਸੋਇ ।। 62 ।।

Sri Satguru Jagjit Singh Ji eLibrary NamdhariElibrary@gmail.com

ਜੇਕਰ ਕੁਸਲ ਚਹੋ ਸੁਤ ਮਰੇ ॥
ਇਸ ਸਿਛਿਆਮੈ ਸੂਖ ਘਨੇਰੇ ॥
ਭਜਨ ਬਾਣੀ ਸਿਉ ਦਹੀ ਪਰੀਤ ॥
ਨਿਸ ਦਿਨ ਰਹੋ ਇਕਾਗਰ ਚੀਤ ॥ 63 ॥

ਝਠੋ ਇਹ ਸਭ ਹੈ ਸਨ ਬੰਧ ॥
ਐਸੇ ਜਾਨ ਰਹੈ ਨਿਰ ਬੰਧ ॥
ਜੋ ਮਮ ਕਹਾ ਸੁ ਉਬਰ ਮਹਿ ਧਾਰੋ ॥
ਰਹੋ ਜਗਤ ਕੇ ਬੀਚ ਨ ਗਾਰੋ ॥ 64 ॥

ਭਜਨ ਬੰਦਗੀ ਸੇਵਾ ਪਰੀਤ ॥
ਨਿਸ ਬਾਸਰ ਧਰੇ ਸਦ ਪਰੀਤ ॥
ਜਾ ਬਿਧ ਬਚਿਨ ਸਰਵਨ ਤਿਨ ਕਰੈ ॥
ਨਿਮਰ ਭਾਵ ਹੋਇ ਚਰਨੀ ਪਰੇ ॥ 65 ॥

ਦੋਹਰਾ :- ਦੋ ਕਰ ਜੋਰ ਸੁ ਬੇਨਤੀ ਕਰਤ ਭਏ ਸਭ ਤਾਤ ॥
ਜੋ ਸਿਛਿਆਪਿਤ ਤੁਮ ਦਈ ਉਰ ਧਾਰੀ ਬਿਖਿਆਤਿ ॥

ਚੌਪਈ :- ਪੂਤਨ ਸਿਉ ਐਸੇ ਉਪਦੇਸ ॥
ਕਰਤ ਭਏ ਭਾਈ ਜਗ ਤੇਸ ॥
ਇਨ ਬਰਨਨ ਕੋ ਹਰਦੈ ਧਾਰੇ
ਲੋਕ ਸੁਖ ਪਰਲੋਕ ਸਵਾਰੋ ॥ 67 ॥

ਕਛੁਕ ਆਗਿਆ ਅਵਰ ਬਤਾਈ ॥
ਸੁਨੋ ਤਾਤ ਹਮਰੇ ਸੁਖਦਾਈ ॥
ਕਛੁ ਸਮਿਗਰੀ ਜਗ ਕੀ ਤਿਆਰ ॥
ਕਰ ਰਾਖੋ ਆਪਨ ਇਛ ਤਿਆਰ ॥ 68 ॥

ਖਟ ਦਰਸਨੀ ਭੋਜਨ ਜੋਇ ॥
ਸੀਘਰ ਕਰੋ ਦੇਰ ਨਹ ਕੋਇ ॥
ਸੁਨ ਕਰ ਸਭਿ ਆਗਿਆ ਸਿਰ ਧਰੀ॥
ਸਰਬ ਸੋਜ ਏਕਨ ਤਿਨ ਕਰੀ ॥ 69 ॥

ਦੋਹਰਾ :- ਸੂਪ ਕਾਰ ਜੋ ਚਤਰ ਹੈ ਲੀਏ ਤੁਰਤ ਅਨਵਾਇ ॥
ਸੋਜ ਦਈ ਤਿਹ ਸੋਪ ਸਭ ਆਗਿਆ ਦਈ ਬਨਾਇ ॥ 70 ॥

Sri Satguru Jagjit Singh Ji eLibrary NamdhariElibrary@gmail.com

ਛਪ :- ਸਭ ਭੋਜਨ ਭਏ ਤਿਆਗ ਸੁਨੋ ਤੁਮ ਨਾਮ ਬਖਾਨੋ ॥
ਏਕ ਏਕ ਤੇ ਅਧਿਕ ਸੁਵਾਦ ਕਈ ਭਾਂਤ ਪਛਾਨੋ ॥
ਖੀਰ ਖੰਡ ਸੀਸ ਕੁਲੀ ਮੋਦਕ ਅਪੂਪ ਬਨਾਏ ॥
ਲੁਚੀ ਪੂਰੀ ਕੜਾਹ ਦਾਲ ਸੰਗ ਦਹੀ ਸੁ ਭਾਈ ॥
ਅਨਕ ਭਾਂਤ ਬਿਜਨ ਕਰੇ ਖਟ ਰਸ ਸੁਵਾਦ ਸੁ ਜਾਨਿਐ ॥
ਜੋ ਜੈਸੀ ਰੁਚ ਹੋਇ ਜਿਸ ਅਚੈ ਸੋਇ ਉਰ ਆਨਿਐ ॥ 71 ॥

ਪ੍ਰਿਥਮ ਕਰ ਅਰਦਾਸ ਸ੍ਰੀ ਗੁਰ ਗ੍ਰੰਥ ਮਨਾਏ ॥
ਬਹੁਤ ਸੰਤ ਸਿਖ ਸਾਧ ਬਿਪਰ ਖਟ ਦਰਸਨ ਛਾਏ ॥
ਚਰਨਨ ਖਿਆਲ ਕਰ ਧੋਇ ਭੁਜ ਹੈ ਸਭ ਕੋ ਕੀਨੋ ॥
ਪ੍ਰਿਥਕ ਪ੍ਰਿਥਕ ਸਭ ਬੈਠ ਰੁਚ ਜੇਤਕ ਅਚ ਲੀਨੋ ॥
ਜਥਾ ਜੋ ਭੇਟਾ ਦਈ ਪੂਜਾ ਸਭ ਕੀ ਜਾਨਿਐ ॥
ਕਰੋ ਖੁਸੀ ਮੁਹ ਦੀਨ ਪਰ ਬਿਦਾ ਕਰੇ ਸੁਰ ਗਿਆਨਿਐ ॥ 72 ॥

ਦੋਹਰਾ :- ਦਸ਼ਮ ਦਿਨ ਭੋਜਨ ਕਰਾ ਫਿਰ ਸਬ ਬਿਦਾ ਸੁ ਕੀਨ ॥
ਸੁਣ ਕੈਸੀ ਇਸਨਾਨ ਕਰ ਬਸਨ ਸੁਪੇਹਰ ਨਵੀਨ ॥ 73 ॥

ਤੋਟਕ ਛੰਦ :—ਸੁਭ ਮਾਘ ਸੁ ਮਾਸ ਪੁਨੀਤ ਭਯੋ ॥
ਖੁਲ ਬਾਰ ਪੁਰੀ ਸਭ ਦੇਵ ਗਯੋ ॥
ਗੁਰ ਮੂਰਤ ਕੋ ਉਰ ਧਿਆਨ ਧਰਾ ॥
ਚਿਤ ਬਿਰਤ ਇਕਾਗਰ ਕੋ ਸੁ ਕਰਾ ॥ 74 ॥

ਤਜ ਪਰਾਨ ਜਹਾਂ ਸਧ ਭਮ ਅਹੀ ॥
ਕੁਸ ਡਾਰ ਤਲੈ ਵਹ ਲੀਪ ਲਈ ॥
ਘਟਕਾ ਦਿਨ ਚਾਰ ਬਚਾਰ ਚਰਾ ॥
ਸੁਦਿ ਆਹ ਇਕਾਦਸ ਵਾਰਖਰਾ ॥ 75 ॥

ਪਦ ਮਾਸਣਿ ਪੂਰਬ ਜਾਣ ਮੁਖੰ ॥
ਗੁਰ ਮੂਰਤ ਕੋ ਉਰ ਧਯਾਨ ਰੁਖੰ ॥
ਚੜ ਬੀਚੋ ਬਿਬਾਣ ਪਰਲੋਕ ਗਏ ॥
ਨਭ ਤੇ ਸੁਰ ਫੂਲ ਸੁ ਬਰਖ ਅਏ ॥ 76 ॥

ਜਾਇ ਕਾਰ ਸਬੀ ਦਿਵ ਹੈ ਸੁ ਕਰੈ ॥
ਗਰ ਅੰਚਰ ਆਇ ਸੁ ਪਾਇ ਪਰੈ ॥

Sri Satguru Jagjit Singh Ji eLibrary NamdhariElibrary@gmail.com

ਸੁਰ ਪਿਰਤ ਪੁਰੀ ਸਭ ਨਾਖ ਚਲੇ ॥
ਗੁਰ ਧਾਮ ਬਿਸੇ ਕਛੁ ਨਾਹ ਰਲੇ ॥ 77 ॥

ਦੋਹਰਾ :— **ਸੰਮਤਿ ਸਸ ਰਿਖ ਮਹੀ ਲਖ ਮਾਘ ਸੁਭ ਜਾਨ ॥**
ਗੁਰ ਪੁਰ ਗਮਨ ਸੁ ਹੈ ਕਰਾ ਭਾਈ ਜੀ ਸੁਰ ਗਿਆਨ ॥ 78 ॥

ਕੀਰਤਨ ਕਥਾ ਸੁ ਹੋਇ ਤਹ ਅਨਹਤ ਸਬਦ ਝੁਨਕਾਰ ॥
ਬੇਦ ਬਿਧਾਨ ਵਿਧਾਨ ਕੋ ਕਰਤ ਭਏ ਸੰਸਕਾਰ ॥ 79 ॥

ਗੀਯਾ ਮਾਲਤੀ ਛੰਦ :—

ਭਈ ਸੁਨ ਸੁ ਪੁਰੀ ਸਾਰੀ ਔਧ ਬਿਨ ਰਘੁਨਾਥ ਹੈ ॥
ਜਵ ਦੁਵਾਰਕਾ ਜਦਪਤੀ ਬਾਝੋ ਹੋਤ ਭੀ ਸੁ ਅਨਾਥ ਹੈ ॥
ਬਿਸਨ ਬਿਨ ਬੈਕੁੰਠ ਜੈਸਕ ਬਿਨਾਸਿਵ ਕੈਲਾਸ਼ ਹੈ ॥
ਬਿਰੰਚ ਪੁਰੀ ਬਿਰੰਚ ਬਿਨ ਅਸਜਾਨ ਨਗਰ ਉਦਾਸ ਹੈ ॥ 81 ॥

ਦੋਹਰਾ :- ਸੁਰਪਤਿ ਬਿਨਾ ਸੁਵਰਗ ਜਿਨ ਨਿਸ ਪਤਿ ਬਿਨ ਜਸ ਰੈਨ ॥
ਮਾਨ ਸਰੋਵਰ ਹੰਸ ਬਿਨ ਅਸ ਮਨ ਲਹੈ ਨ ਚੈਨ ॥ 82 ॥

ਚੌਪਈ :- ਜਦਪ ਰੁਦਨ ਵਿਵਰਜਨ ਕੀਨੋ ॥
ਤਦਪ ਧੀਰਜ ਸਭ ਤਜ ਦੀਨੋ ॥
ਊਚੀ ਸੁਰ ਸੋ ਕਰੇ ਪੁਕਾਰਾ ॥
ਹਾ ਹਾ ਕੀਸ ਕਰਾ ਕਰਤਾਰਾ ॥ 82 ॥

ਇਤ ਉਤ ਫਿਰੈ ਜੈਸ ਮਤਿ ਵਾਰੈ ॥
ਬਾਵਰ ਜੈ ਸਕ ਨਹ ਸੰਮਾਰੇ ॥
ਸੂਝ ਬੂਝ ਤਨ ਕੀ ਕਛੁ ਨਾਹੀ ॥
ਠਗ ਮੁਰੀ ਜਨ ਜੈਸਕ ਖਾਹੀ ॥ 83 ॥

ਧਰ ਧੀਰਜ ਕਛੁ ਹਠ ਉਰ ਧਾਰ ॥
ਕਰਤ ਭਏ ਕਾਰਜ ਲਾਚਾਰ ॥
ਮਿਰਤਕ ਕਰਮ ਆਹ ਜਗ ਜੇਤੋ ॥
ਹੁਇ ਸੁਚੇਤ ਕਰੇ ਸਭ ਤੇਤੋ ॥ 84 ॥

ਪ੍ਰਿਥਮ ਇਸਨਾਨ ਦੇਹ ਕੋ ਜਾਨ ॥
ਇਓ ਚੜਾਇ ਸੁ ਬੀਚ ਬਬਾਣ ॥

Sri Satguru Jagjit Singh Ji eLibrary NamdhariElibrary@gmail.com

ਪਸਮ ਪਟੰਬਰ ਬਸਨੰ ਬਨਾਏ ॥
ਜਰੀ ਬਾਦਲਾ ਉਪਰ ਪਾਏ ॥ 85 ॥

ਦੋਹਰਾ :- ਹੀਰੇ ਮੁਕਤਾ ਮੁਹਰ ਜੋ ਦਏ ਸੁ ਉਪਰ ਡਾਰ ॥
ਨਹ ਅਸਚਰਜ ਕਛੁ ਇਹੁ ਲਖੋ ਰਿਧ ਸਿਧ ਬਾਰ ਬੁਹਾਰ ॥ 86 ॥

ਖਾਰਕ ਗਰੀਬ ਦਾਮ ਜੋ ਸੁਮਨ ਸੁ ਕੁੰਕਿਮ ਵਾਰ ॥
ਮਾਨ ਸਰੋਵਰ ਹੰਸ ਜਸ ਚਵਰ ਢੁਰੈ ਸੁਖ ਕਾਰ ॥ 87 ॥

ਗੀਆ ਮਾਲਤੀ ਛੰਦ :—

ਤਿਹ ਰਾਗ ਮਾਰੂ ਗਾਵੀਐ ਧੁਨ ਰਹੀ ਸਬਦ ਸੁ ਛਾਇਕੈ ॥
ਵੈਰਾਗ ਉਪਜੈ ਜਿਸੈ ਸੁਨ ਕਰ ਦਿਰਗ ਚਲੈ ਨੀਰ ਸੁ ਆਇਕੈ ॥
ਬਨਾਇ ਚੰਦਨ ਚਿਤਾ ਕੋ ਸਰੀਰ ਤਾ ਪਰ ਰਾਖਿਓ ॥
ਬਿਧੀ ਕਰੀ ਵੇਦ ਵਿਧਾਨ ਕੀ ਨਹ ਅੰਤਰ ਕਛੁ ਰਾਖਿਓ ॥ 88 ॥

ਅੜਿਲ :- ਸੰਸਕਾਰ ਤਿਹ ਕਰਾ ਸੁ ਅਨਲ ਲਗਾਇ ਕੈ ॥
ਘਿਰਤ ਜਵ ਤਿਲ ਇਹ ਮੇਲ ਦਏ ਵਿਚ ਪਾਇਕੈ ॥
ਜੋ ਜੋ ਮਿਰਤਕ ਕਰਮ ਬਿਖ ਮੁਖ ਭਾਖਈ ॥
ਹੋ ਸੋ ਸੋ ਬਿਧ ਮਲ ਕਰੈ ਭੇਦ ਨਹ ਰਾਖਿਈ ॥ 89 ॥

ਸਭ ਸੰਗਤਿ ਇਸਨਾਨ ਕਰਾ ਤਬ ਆਇਕੈ ॥
ਬੈਠਤਿ ਭਏ ਦਰ ਬਾਰ ਸਿਖ ਤਿਹ ਜਾਇਕੈ ॥
ਸਬਦ ਭੋਗ ਕੋ ਪਾਇ ਅਰਦਾਸ ਸੁ ਤਾਹ ਕਰਾ ॥
ਜੋ ਕੜਾਹ ਪ੍ਰਸਾਦ ਵਰਤਾਇ ਆਏ ਆਪ ਘਰਾ ॥ 90 ॥

ਚੌਪਈ :- ਐਸ ਬਾਤ ਸਰਵਣ ਮਮ ਸੁਨੀ ॥
ਬਚਨ ਕਰੋ ਤੋਹ ਪਿਰਤ ਗੁਨੀ ॥
ਦੀਪਕ ਜਗੈ ਨ ਪੀਛੇ ਮੋਹ ॥
ਵਰਜਨ ਕਰਾ ਭਾਈ ਜੀ ਸੋਇ ॥ 91 ॥

ਇਸ ਨਗਰ ਮੈ ਜੋ ਸਿਖ ਹੋਈ ॥
ਨਾਮ ਧਰੀਕ ਕਹਾਵੈ ਸੋਈ ॥
ਦੁਵਦਾਸ ਕੋਸ ਹੈ ਆਹਿ ਜੁ ਅੰਦਰ ॥
ਰਵਿ ਸੁਤ ਕੈ ਜਾਵੈ ਨਹ ਮੰਦਰ ॥ 92 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਅੰਤ ਅਵਸਰ ਦਰਸ ਪਿਰਤਨ ਸਿਖ ਸਾਧ ਸੁ ਹੋਵਈ ॥
ਰਵ ਪੂਤ ਦੂਤ ਨ ਖੇਦ ਦੇਵੈ ਕਾਸਟ ਨਹ ਕਛੁ ਜੋਵ ਹੀ ॥
ਗਰ ਪਰੀ ਸਿਖ ਜ ਗਮਨ ਕਰਤੇ ਰਾਹ ਤਾਸ ਬਿਅੰਤ ਹੈ ॥
ਕਈ ਚੜੇ ਸੂਰਜ ਚੰਦਰਮੇ ਚਰਾਗ ਕੋ ਨਹ ਅੰਤ ਹੈ ॥ 93 ॥

ਜਮ ਮਾਰਗੰ ਜੋ ਜਾਇ ਪਰਾਣੀ ਤਿਹ ਦਿਵਸ ਦਸ ਅੰਧਿਆਰ ਹੀ ॥
ਬੇਦ ਬਾਕ ਪ੍ਰਮਾਣ ਜਾਣ ਤਹ ਜਗੇ ਦੀਪ ਉਜਾਰ ਹੀ ॥
ਤੀਨ ਤੀਨ ਸੋ ਕੋਸ ਖਾਰੇ ਤਰਾਸ ਨਹ ਰਵ ਪੂਤ ਕੋ ॥
ਜੋ ਸਿਖ ਦੇਹੁ ਤਿਆਗ ਹੈ ਭਓ ਨਾਹ ਕਛ ਜਮ ਦੂਤ ਕੋ ॥ 94 ॥

ਦੋਹਰਾ :- ਭਾਈ ਬੰਨੋ ਸਰਬ ਪਰ ਕੀਨੋ ਪਰ ਉਪਕਾਰ ॥
ਮਹਾਂ ਹੜੰਬਾ ਧਰਤ ਇਹੁ ਗੁਰ ਕਿਰਪਾ ਤੇ ਤਾਰ ॥ 95 ॥

ਸਵੈਯਾ :- ਪਾਠ ਕਰ ਸ੍ਰੀ ਗੁਰੂ ਗ੍ਰੰਥ ਕੋ
ਕੀਰਤਨ ਹੋਤ ਕਥਾ ਸੁਖਦਾਈ ॥
ਜੋਈ ਬੇਦ ਬਿਧਾਨ ਮੈ ਰੀਤ ਕਰੀ
ਦਹੀ ਬਿਪਨ ਸਰਬ ਸੁ ਬਿਤ ਲਗਾਈ ॥
ਯਗ ਕਰਾ ਸਿਖ ਸੰਤਨ ਕੋ ਬਪ
ਜਾਚਕ ਪੂਜ ਕੀਏ ਚਿਤ ਲਾਈ ॥
ਬਿਦਾ ਕੀਏ ਸਨ ਮਾਨ ਸ ਆਦਰ
ਦਾਨ ਦਏ ਕਛੁ ਗਣਤ ਨ ਪਾਈ ॥ 96 ॥

ਦੋਹਰਾ :- ਸਭ ਹੀ ਕਿਓ ਬਿਚਾਰ ਮਿਲ ਮਲ ਪਿਰਤ ਕਹਾ ਸੁਧਾਰ ॥
ਤੁਮ ਗਮ ਨੋ ਪਿਤ ਫੂਲ ਲੈ ਇਹੁ ਤੁਮਰੇ ਅਧਕਾਰ ॥ 97 ॥

ਸਵੈਯਾ :- ਧਿਆਵ ਭਇਓ ਇਹ ਪੂਰਨ ਜਾਨ ਸੁ
ਜੇ ਪਢਿਐ ਮਨ ਪਰੇਮ ਬਢਾਈ ॥
ਮਨ ਬਛਤ ਭਾਵਨਪੂਰ ਤਿਸੈ ਫਲ
ਚਾਰ ਲਹੈ ਸ਼ਕ ਨਾਹ ਸੁ ਗਈ ॥
ਇਸ ਲੋਕ ਮੈ ਦੇਹੁ ਸੁਖੀ ਸਦ ਹੀ
ਪਰਲੋਕ ਬਸੈ ਗੁਰ ਧਾਮ ਸੁ ਜਾਈ ॥
ਜਾ ਬਿਧ ਗਾਥ ਸੁਨੀ ਤਿਮ ਹੀ ਕਹੀ
ਸੰਤ ਪ੍ਰਤਾਪ ਤੇ ਮੋਹ ਸੁਗਾਈ ॥ 98 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ ;- ਬੇਤਾਲ ਸਮ ਕੇ ਧਿਆਵ ਕੀ ਕਥਾ ਸੁ ਕਹੀ ਅਨੂਪ ॥
ਪੜੇ ਸੁਨੈ ਪਗਤੀ ਲਹੈ ਪਾਵੈ ਪਰਮ ਸਰੂਪ ॥ 96 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਧਿਆਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 97 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼ ਜੋਤੀ ਜੋਤ ਸਮਾਇਬੋ ਵਰਨਨੰ
ਨਾਮ ਬੈਤਾਲੀਸਮੋ ਧਿਆਇ ਸਮਾਪਤੰ ਮਸਤ ਸੁਭ ਮਸਤ ॥ 42 ॥

—0—

Sri Satguru Jagjit Singh Ji eLibrary NamdhariElibrary@gmail.com

ਤਿਰਤਾਲੀਵਾਂ ਧਿਆਵ

ਭਾਈ ਬੰਨੋ ਜੀ ਦੇ ਫੁਲ ਗੰਗਾ ਵਿੱਚ

ਅਫਜ਼ੂ :—

ਦੋਹਰਾ :- ਦੀਨ ਬੰਧ ਗੁਰ ਦਇਆ ਕੇ ਚਰਨ ਕਮਲ ਉਰ ਧਾਰ ॥
ਦੇਹੁ ਮਨੀਖਾਂ ਦਾਸ ਕੋ ਕੱਥਾ ਸੁ ਕਹੋ ਸੁਧਾਰਾ ॥ 1 ॥

ਗੰਗ ਗਵਨ ਮਲ ਹੈ ਕਰਾ ਸੁਨੀ ਬਾਤ ਸਭ ਦੇਸ ॥
ਸਭ ਸੰਗਤਿ ਆਵ ਭਈ ਊਚੀ ਨੀਚ ਅਵਨੇਸ ॥ 2 ॥

ਗੀਆ ਮਾਲਤੀ ਛੰਦ :—

ਪਿਤ ਫੂਲ ਲੈ ਕਰ ਮਲ ਚਲੇ ਸੁਨੀ ਬਾਤ ਏਹ ਸਭ ਸੰਗਤੀ ॥
ਜਿਮ ਰਿਤ ਪਾਵਸ ਬਾਦਰੰ ਤਿਮ ਅਈ ਦਰਸ਼ਨ ਪੰਗਤੀ ॥
ਜਥਾ ਸਕਤ ਸੁ ਭੇਟ ਦੀਨੀ ਚਰਨ ਸੀਸ ਨਿਵਾਇਕੈ ॥
ਚਲੇ ਕੇਤੇ ਨਾਲ ਤਿਨ ਕੈ ਭਾਵਨਾ ਧਰ ਭਾਇਕੈ ॥ 3 ॥

ਪ੍ਰਿਥਮ ਫੂਲਨ ਪਾਇ ਜਲ ਦੁਧ ਮਜੰਨੰ ਕਰਵਾਇਓ ॥
ਫਿਰ ਧੂਪ ਆਦਾ ਸੰਗੰਧ ਜਿਤੀ ਫੂਲ ਕੇਸਰ ਪਾਇਓ ॥
ਪਾਲਕੀ ਮੈ ਰਾਖਿ ਲੀਨੇ ਚੌਰ ਹੇਤ ਚੌਫੇਰ ਹੀ ॥
ਧੁੰਨ ਸਬਦ ਕੀਰਤਨ ਜਹ ਕਹਾਂ ਠਹ ਅਵਰ ਮੁਖ ਤੇ ਟੇਰ ਹੀ ॥ 4 ॥

ਦੋਹਰਾ :- ਚਰਨ ਕਮਲ ਗੁਰ ਧਾਰ ਉਰ ਕਰਤ ਭਏ ਅਰਦਾਸ ॥
ਵਾਟ ਘਾਟ ਸਤਿ ਸੰਗ ਸਦਾ ਘਰ ਬਾਹਰ ਗੁਰ ਤਾਸ ॥ 5 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਬਿਪਨ ਕੋ ਦੀਨੋ ਤਿਹ ਦਾਨ ॥
ਔਰ ਸਭ ਹਨ ਕੋ ਕਰਾ ਸੁਮਾਨ ॥
ਦਰਬਾਰ ਆਨ ਬੈਠੇ ਸਭ ਭਗਤ ॥
ਜੇਤਕ ਔਰ ਸਨਬੰਧ ਤਾਤ ॥ 6 ॥

ਦੇਸ ਨਗਰ ਕੀ ਸੰਗਤਿ ਸਾਰੀ ॥
ਹੋਤ ਭਏ ਸਭ ਸੰਗ ਤਿਆਰੀ ॥
ਫੂਲ ਚੜਾਇ ਪਰਦਛਨ ਦੀਨ ॥
ਜਾਬਧ ਸੰਗਤਿ ਬਿਦਾ ਸੁ ਕੀਨ ॥ 7 ॥

ਦੋਹਰਾ :- ਮਾਰਗ ਕੀ ਗਤਿ ਕਿਆ ਕਹੋ ਨਗਰ ਨਦੀ ਗਏ ਲਾਘ ॥
ਸੁਧਾ ਸਰੋਵਰ ਦਰਸ ਕੀ ਮਨ ਭੀਤਰ ਧਰ ਘਾਤ ॥ 8 ॥

ਸਵੈਯਾ :- ਬਾਤ ਸੁਨੀ ਸਭ ਸੰਗਤਿ ਭਨੇ ਮਲ
ਪੂਤ ਸੁ ਭਾਈ ਕੇ ਫੂਲ ਲਿਆਏ ॥
ਆਨ ਕਰਾ ਸਭ ਦਰਸਨ ਪਰਸਨ
ਬੈਠ ਰਜਾਇ ਰਹੀ ਅਸ ਗਾਇ ॥
ਕੈਸੇ ਨੇ ਦੇਹ ਕੋ ਅੰਤ ਭਯੋ ਵਿਰਤੰਤ
ਸਭੀ ਮਲ ਭਾਖ ਸੁਨਾਇ ॥
ਦੁਰਲਭ ਸੁ ਪੁਰਖ ਅਹੈ ਜਗ ਭੀਤਰ
ਧੰਨ ਸੁ ਵੇ ਜਨਨੀ ਜਿਨ ਜਾਏ ॥ 9 ॥

ਅਸ ਸੰਗਤ ਭਾਖ ਕੇ ਧਾਮ ਜਈ ਸੁ
ਅਰਾਮ ਕਰਾ ਇਤ ਸੰਲਤਿ ਸਾਰੀ ॥
ਪਰਾਤ ਭਏ ਕਰੇ ਸੁਧ ਸਰੀਰ
ਕੜਾਹ ਕਰਾ ਦਰਬਾਰ ਸੁ ਧਾਰੀ ॥
ਅਰਦਾਸ ਕਰਵਾਇ ਸੁਧਾਂ ਸੇ ਸੰਗਤ
ਫੁਲਨ ਫੁਲ ਚੜਾਇ ਵਿਚਾਰੀ ॥
ਸੀਸ ਨਿਵਾਇ ਕੈ ਕੂਚ ਕਰਾ ਮਨ
ਗੰਗ ਕੇ ਗਵਨ ਧਰਾ ਬਿਰਤ ਕਾਰੀ ॥ 10 ॥

ਦੋਹਰਾ :- ਸਮਾ ਪਾਇ ਆਵਤ ਭਏ ਬਿਸਨ ਪਦੀ ਕੇ ਤੀਰ ॥
ਆਗੇ ਤੇ ਬਿਪ ਆ ਮਿਲ ਕਹਾ ਸੁ ਬਾਦ ਅਸੀਰ ॥ 11 ॥

Sri Satguru Jagjit Singh Ji eLibrary NamdhariElibrary@gmail.com

ਛਪੈ :- ਉਸਤਤ ਕਰੀ ਉਚਾਰ ਬਿਪ ਬੋਲੇ ਬਿਰਤ ਚਾਰੀ ॥
ਕਿਰਸਨ ਦੇਵ ਕੇ ਵੰਸ ਤੁਸੀਂ ਅਵਤੰਸ ਸੁਧਾਰੀ ॥
ਧਨੂ ਭਇਉ ਨਿਰਪਾਲ ਦੁ ਇਸੁ ਤਾਕੇ ਜਾਨੋ ॥
ਦਨੂ, ਮਨੂੰ ਨਾਮ ਜਗਤ ਮੈ ਪਰਗਟ ਬਖਾਨੋ ॥
ਦਨੁ ਸੁਤ ਬੁਢਾ ਭਇਉ ॥ ਮਣੀ ਸੁ ਦੂਸਰ ਜਾਨਿਅੈ ॥
ਮਨੂ ਕਾ ਹਰਦਾਸ ਨਿਰਪ ਭੁਟਾ ਸੁਤ ਤਿਹ ਮਾਨੀਅੈ ॥ 12 ॥

ਦੋਹਰਾ :- ਵਿਸਵੁ ਭੁਟੇ ਤੇ ਭਇਏਉ ਚਾਰ ਪੂਤ ਤਿਹ ਸਾਨ ॥
ਫੇਰੂ, ਗੁਰਦਿਤਾ, ਹਰੂ, ਚਤਰਥ ਬਨੋ ਮਾਨ ॥ 13 ॥

ਦਾਨ ਪੁੰਨ ਬਿਪਨ ਦਇਉ ਬਸਨ ਪਦੀ ਇਸਨਾਨ ॥
ਸਮਾਂ ਪਾਇ ਪੀਛੇ ਮੁਰੇ ਆਇ ਗੁਰ ਥਰ ਧਿਆਨ ॥ 14 ॥

ਗੀਆ ਮਾਲਤੀ ਛੰਦ :-

ਕਰ ਜੋਰ ਕੈ ਕਰ ਬੇਨਤੀ ਅਸ ਸੰਗੀਤੀ ਮੁਖ ਭਾਖਿਅੈ ॥
ਜਿਹ ਦੇਹੁਰਾ ਗੁਰ ਨਾਨਕੰ ਤਕ ਦਰਸ ਕੀ ਅਭਲਾਖਿਆ ॥
ਵਹ ਆਦਿ ਤੀਰਥ ਪਾਵਨੰ ਪਵਿਤਰ ਵਰ ਅਸਥਾਨ ਹੈ ॥
ਜਨਮ ਸਫਲ ਹੋਇ ਹਮਰੋ ਕਰੇ ਤਿਹ ਇਸ਼ਨਾਨ ਹੈ ॥ 15 ॥

ਉਸੀ ਮਾਰ ਗਚਾਲੀਅੈ ਜੋ ਹੋਇ ਇਛਾ ਆਪ ਕੀ ॥
ਰਸੋਇ ਦੁਵਾਰੇ ਆਇਕੈ ਅਸ ਬਚਨ ਤਿਨ ਪਿਰਤ ਭਾਖਿਉ ॥
ਜੇ ਹੋਇ ਆਗਿਆ ਆਪ ਕੀ ਕਰੋ ਦਰਸ ਮਨ ਅਭਿਲਾਖਿਉ ॥27॥

ਸੁਨ ਕਰੀ 'ਮੱਲ' ਮਨਜ਼ੂਰ ਮਾਨੀ ਸੰਗਤੀ ਮਨ ਥਾਪ ਕੀ ॥
ਚਲ ਅਏ ਸਭ ਗੁਰ ਦੈਹੁਰੇ ਧਰ ਭੇਟ ਦਰਸਨ ਕੋ ਕਰਾ ॥
ਸਿਗਨ ਰਜਨੀ ਜਬ ਭਈ ਕਰ ਕੂਚ ਮਗ ਪਗ ਹੈ ਧਰਾ ॥ 16 ॥

ਤਰ ਆਹ ਗੁਰ ਅਸਥਾਨ ਜੇਤਕ ਪੂਜ ਭੇਟਾ ਧਾਰ ਕੈ ॥
ਇਸਨਾਨ ਐਰਾਵਤ ਕਰਾ ਫਿਰ ਉਤਰ ਆਏ ਪਾਰ ਕੈ ॥
ਫਿਰ ਅਏ ਸਮੜ ਢਾਲ ਕੇ ਨਿਸ ਬਸੇ ਤਿਸਨਾ ਜਾਨਿਅੈ ॥
ਤਿਹ ਸੁਨਿਓ ਗੁਰ ਅਸਥਾਨਕੋ ਮਨ ਭਇਓ ਮੇਦ ਸੋ ਮਾਨਿਅੈ ॥ 17 ॥

ਦਹਰਾ :- ਕਹੀ ਮਲ ਉਹ ਬਾਰਤਾ ਸੁਨੇ ਸਿਖ ਧਰ ਚੀਤ ॥
ਸ੍ਰੀ ਗੁਰ ਨਾਨਕ ਥਾਨ ਇਹੁ ਕਰੋ ਦਰਸ ਧਰ ਪ੍ਰੀਤਿ ॥ 18 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਸਿਖ ਸਭ ਚਲੇ ਹੀਏ ਧਰ ਭਾਉ ॥
ਗੁਰ ਅਸਥਾਨ ਦੇਖਨ ਕਾ ਚਾਉ ॥
ਭੇਟ ਰਾਖ ਪ੍ਰਕਰਮਾਂ ਕਰੀ ॥
ਗੁਰ ਕੀ ਸਰਧਾ ਮਨ ਮੈ ਧਰੀ ॥ 19 ॥

ਹਾਥ ਜੋੜ ਸੰਗਤਿ ਬਚ ਗਹਾਏ ॥
ਗੁਰ ਨਾਨਕ ਈਹਾਂ ਕਸ ਆਏ ॥
ਏਹੁ ਪ੍ਰਸੰਗ ਮੁਝ ਪਿਰਤ ਤੁਮ ਕਹੋ ॥
ਸ੍ਰੀ ਗੁਰ ਕਥਾ ਸਰਵਣ ਹਮ ਚਹੋਂ ॥

ਭਾਈ ਮਲ ਬਾਚ :-

ਦੋਹਰਾ :- ਸਭ ਸੰਗਤਿ ਪਿਰਤ ਮਲ ਕਹੀ ਸੁਨੋ ਸਿਖ ਧਰ ਧਿਆਨ ॥
ਗੁਰ ਨਾਨਕ ਪ੍ਰਸੰਗ ਏਹੁ ਤੁਮ ਪਿਰਤ ਕਹੋ ਬਖਾਨ ॥ 20 ॥

ਚੌਪਈ :- ਮਕੇ ਤੇ ਸਤਿਗੁਰ ਜਬ ਆਏ ॥
ਨੀਲ ਰੂਪ ਤਬ ਬਸਨ ਬਨਾਇ ॥
ਕਛ ਕਿਤਾਬ ਆਸਾ ਹਥ ਲੀਨੋ ॥
ਚਰਨ ਕਮਲ ਕੋਸਨ ਕੋ ਕੀਨੋ ॥
ਅਸਤੀ ਕੀ ਮਾਲਾ ਉਰ ਧਾਰੀ ॥
ਮਰਦਾਨਾ ਬਾਲਾ ਸੰਗਾਰੀ ॥
ਅਕਾਲ ਸਰਪ ਬਾਬਾ ਬਨ ਆਏ ॥
ਜੀਤ ਜੀਤ ਸਭ ਚਰਨਨ ਪਾਇ ॥

ਦੋਹਰਾ :- ਸਾਈਂ ਦਾਸ ਸਾਧੂ ਇਹਾਂ ਗੁਸਾਈ ਤਹ ਜਾਨ ॥
ਬਦੋਕੀ ਨਗਰੀ ਤਿਸੈ ਸਦਨ ਸੁ ਕਰੈ ਵਖਾਨ ॥ 24 ॥

ਗੀਆ ਮਾਲਤੀ ਛੰਦ .—

ਸਿਖ ਸੇਵਕ ਰਹੈ ਤਿਸ ਕੇ ਨਗਰ ਮੈ ਬਹੁ ਜਾਨਿਐ ॥
ਕਾਰ ਭੇਟ ਸੁ ਲੈਨ ਆਇਓ ਬਸੋ ਇਸ ਜਾ ਮਾਨਿਐ ॥
ਅਗਾਧ ਬਿਰਤ ਸੰਤੋਖ ਉਰ ਮੈ ਆਹ ਲਛਨ ਸਾਧਈ ॥
ਨਹ ਹਰਖ ਸੋਗ ਸੁ ਏ ਰਖਾ ਕਛ ਨਿੰਦ ਚਿੰਦ ਉਪਾਧਈ ॥ 25 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਕਰੇ ਰਸੋਇ ਸੁ ਆਪਨੀ ਬੈਸਨਵ ਮਤ ਉਰ ਧਾਰ ॥
ਬਸਨ ਤਾਨ ਪੜਕੋ ਕੀਓ ਅਸਨ ਨ ਕੋਇ ਨਿਹਾਰ ॥

ਗੀਆ ਮਾਂਲਤੀ ਛੰਦ :

ਇਤ ਆਪ ਆਏ ਸਤਿ ਗੁਰੂ
ਚਲਿ ਦਰਸ ਕਹੀਏ ਸਾਥ ਕੋ ॥
ਕੋਸ ਚਰਨਨ ਹੈ ਧਰੀ ਤਨ
ਬਸਨ ਨੀਲ ਨਹ ਬਿਆਧ ਕੋ ॥
ਰਸੋਇ ਦੁਵਾਰੇ ਆਇ ਕੈ ਅਸ
ਬਚਨ ਤਨ ਪਿਰਤ ਭਾਖਿਉ ॥
ਜੇ ਹੋਇ ਆਗਿਆ ਆਪ ਕੀ ਕਰੋ
ਦਰਸਮਨ ਅਭਿ ਲਾਖਿਉ ॥ 27 ॥

ਕਰੀਏ ਹਸਨ ਵਖਾਨ ਤਾ ਆਗੈ ਆਈਐ ॥
ਨਹੀ ਤਾ ਬਾਹਰ ਬੈਸ ਦਰਸ ਤਵ ਪਾਈਐ ॥
ਸੁਨ ਕਰ ਐਸੇ ਬਚਨ ਗੁਰ ਪਿਰਤ ਭਾਖਿਐ ॥
ਹੋ ਤੁਮ ਸੰਕਾ ਉਰ ਧਾਰ ਵਾਕ ਅਸ ਆਖਿਉ ॥ 28 ॥

ਅਬ ਬਾਹਰ ਰਹੋ ਖਰੇ ਬਿਪਰ ਮੋਹ ਜਨਮ ਹੈ ॥
ਸੁਚ ਪਵਿਤਰ ਕਰ ਅਸਨ ਸੁਹ ਮਰੋ ਕਰਮ ਹੈ ॥
ਸੰਕਾਨਾ ਮਨਧਾਰ ਚਲੈ ਜੇ ਆਵਈ ॥
ਹੋ ਕਬ ਹੀ ਨ ਤੁਮ ਕੋ ਹਮ ਹੂੰ ਕਿਵੇ ਅਟਕਾਵਈ ॥ 29 ॥

ਦੋਹਰਾ :- ਜੋ ਬਿਪ ਸੋਚ ਨ ਕਰਤ ਹੈ ਲਵੈ ਜੂਠ ਉਠਾਇ ॥
ਬਿਨ ਇਸਨਾਨ ਭੋਜਨ ਕਰੈ ਪਰੈ ਨਰਕ ਮਹਿ ਜਾਇ ॥ 30 ॥

ਗਿਆਨ ਬਾਨ ਕੇ ਲੇਪ ਨਾਹਿ ਪਾਪ ਪੁਨ ਕਾ ਜਾਨ ॥
ਜਹ ਚਾਹੇ ਤਹ ਹੀ ਰਹੈ ਉਚ ਨੀਚ ਅਸਥਾਨ ॥ 31 ॥

ਜਨਮੇ ਕੋ ਨਹ ਹਿਰਖ ਕਛ ਨਹ ਰਨੇ ਸੰਤਾਪ ॥
ਦਏ ਦਾਨ ਨਹ ਪੁਨ ਤਿਸੁ ਹਨੇ ਸਿਰਸਟ ਨਹ ਪਾਪ ॥ 32 ॥

ਚੌਪਈ :- ਗਿਆਨ ਵਾਨ ਹੈ ਸਦਾ ਅਲੇਪ ॥
ਜਿਉ ਜਲ ਮੈ ਲੀਰਜ ਨਿਰਲੇਪ ॥

Sri Satguru Jagjit Singh Ji eLibrary NamdhariElibrary@gmail.com

ਮਨ ਮੈ ਜਦਾਪ ਅਹੈ ਸਅਸੰਗ ॥
ਤਉ ਮਿਰਜਾਦ ਕਰੈ ਨਹ ਭੰਗ ॥
ਦਵੈਦ ਸਾਸਤਰ ਕੀ ਆਗਿਆ ਮਾਨ ॥
ਰਿਖ ਮੁਨ ਐਸੇ ਕਰੇ ਬਖਾਨ ॥
ਜੋਕਰ ਨਹ ਤੁਮ ਸੰਕਾ ਧਾਰ ॥
ਚਲ ਆਵਤਿ ਕਛੁ ਨਾਹ ਵਿਚਾਰ ॥ 34 ॥

ਐਸੇ ਕਹੈ ਗੁਸਾ ਏਹੀ ਬਚਨਾ ॥
ਸ੍ਰੀ ਸਤਿਗੁਰ ਸਮੰਝੀ ਤਿਹ ਰਚਨਾ ॥
ਕਰ ਆਦਰ ਆਸਣ ਤਿਹ ਕੀਨੋ ॥
ਗੁਰ ਨਾਨਕ ਬੈਸੇ ਰਸ ਭੀਨੋ ॥

ਦੋਹਰਾ :- ਪੋਜਨ ਕਰਕੈ ਪੂਛਿਓ ਗੋਸਾਈ ਬੀਚਾਰ ॥
ਕਤਿ ਤੇ ਗਵਨ ਸੁ ਤੁਮ ਕਰਾਕਤਿ ਆਏ ਨਿਰਧਾਰ ॥ 36 ॥

ਸ੍ਰੀ ਗੁਰ ਨਾਨਕ ਵਾਚ :-

ਗੀਆ ਮਾਲਤੀ ਛੰਦ :—

ਹਮ ਮਿਲੇ ਪੀਰਨ ਸੰਗ
ਪ੍ਰਿਥਮੇ ਗਏ ਮਕੇ ਜਾਨਿਐ ॥
ਜਾਪ ਸਿਓ ਸਿਵ ਭਵਨਕੇ
ਸਭ ਨਿਰਖ ਤੁਰਕਨ ਥਾਨਿਐ ॥
ਅਸ ਸੈਲ ਕੀਨੋ ਦੇਸ ਕੋ
ਪਰਦਿਸ ਫਿਰ਼ ਕਰ ਆਇਓ ॥
ਅਬ ਇਛ ਤਵ ਭਏ ਮਿਲਨ ਕੀ
ਹੁਇ ਦਰਸ ਮਾਨ ਮੈ ਭਾਇਓ ॥ 37 ॥

ਗੁਸਾਈ ਬਾਚ :-ਬਡ ਭਾਗ ਹਮਰੇ ਭੂਰ ਭਾਲੰ ਜਨਮ ਸੁਫਲਾ ਜਾਨਿਐ ॥
ਅਜ ਘਰੀ ਦਿਵਸ ਸੁ ਜਾਮ ਸਫਲੰ ਦਰਸ ਸਾਧੂ ਮਾਨੀਐ ॥
ਤੁਮ ਧਾਰ ਈਸ ਅਵਤਾਰ ਆਇਓ ਤਾਰਨੇ ਸੰਸਾਰ ਹੀ ॥
ਜੋ ਕਰੇ ਦਰਸਨ ਪਰਸ ਤੁਮਰੋ ਹੋਵ ਜਗ ਤੇ ਪਾਰ ਹੀ ॥ 38 ॥

ਸਖਿਆਤ ਵਿਸਨ ਸਰੂਪ ਤੁਮ ਹੀ
ਨਾਨਕ ਨਿਰੰਕਾਰ ਹੈ ॥

Sri Satguru Jagjit Singh Ji eLibrary NamdhariElibrary@gmail.com

ਕਲੂ ਕਾਲ ਕਰਾਲ ਜਾਨਸੁ
ਧਰਾ ਨਰ ਅਵਤਾਰ ਹੈ ॥
ਸਲੁਖ ਜਿਮ ਤਨ ਧਾਰ ਬਾਗੋ
ਬਿਡੰ ਬਨੰ ਜਗ ਮਾਨਿਐ ॥
ਨਹ ਹਰੇ ਤੋਰੀ ਜਾਇਆ ਮੋਹ
ਗਿਆਨ ਅਸ ਉਰ ਜਾਨਿਐ ॥ 39 ॥

ਇਕ ਅਵਰ ਬੈਠਤ ਕਰੋ ਤੁਮ
ਪੈ ਧਿਆਨ ਕਰ ਸੁਨ ਲੀਜਿਐ ॥
ਤੁਮ ਜਨਮ ਛਤੀ ਧਾਰਿਓ
ਤਨ ਬੈਸਨਵ ਮਾਤ ਕੀਜਿਐ ॥
ਕਰ ਦੂਰ ਬਾਨਾ ਤੁਰਕ ਕੋ
ਅਬਿ ਆਇ ਹਿੰਦ ਸੁ ਦੇਸ ਹੀ ॥
ਸਭਿ ਸਿਖ ਸੰਗਤ ਕਰੇ ਦਰਸਨ
ਦੇਖ ਸਾਧ ਸੁ ਭੇਸ ਹੀ ॥ 49 ॥

ਦੋਹਰਾ :- ਬਚਨ ਗੁਸਾਈ ਮਾਨ ਕੈ ਬਸਤਰ ਉਦਾਸੀ ਧਾਰ ॥
ਭੇਸ ਤੋਰ ਕੀ ਦੂਰ ਕਰ ਤਸਬੀ ਕੌਸ ਨਿਵਾਰ ॥

ਗੁਰ ਨਾਨਕ ਵਾਚ :-

ਦੋਹਰਾ :- ਤੁਮ ਅਸਲੀ ਪੂਰੋ ਸਤਿ ਸਾਧ ॥
ਤੁਮਰੋ ਆਸ ਅਗਮ ਅਗਾਧ ॥
ਹਮ ਖਤਰੀ ਤੁਮ ਬਿਪ ਬਖਾਨ ॥
ਹਮਰੋ ਧਰਮ ਦੈ ਦਿਜ ਦਾਨ ॥ 42 ॥

ਦੋਹਰਾ :- ਗਿਆਨ ਵਾਨ ਕੀ ਦਿਰਸਟ ਮੈ ਨਛਤਰੀ ਜਿਜ ਕੋਇ ॥
ਏਕ ਅਖੰਡ ਅਦੁਤੀ ਹੈ ਬਰਹਮ ਲਖੋ ਸਭ ਸੋਇ ॥ 43 ॥

ਨਹ ਆਸਰਮ ਨਹ ਬਰਨ ਹੈ ਨਹ ਕਛੁ ਤ੍ਰਾਮੈ ਭੇਦ ॥
ਪੁਰ ਰਹਿਓ ਅਕਾਸ ਜਿਉ ਘਟ ਮਟ ਮਾਹ ਅਛੇਦ ॥ 44 ॥

ਦੌਪਈ :- ਜਦਪ ਐਸੋ ਅਹੈ ਬਿਚਾਰ ॥
ਤਦਪ ਚਹੀਏ ਜਗ ਬਿਵਹਾਰ ॥
ਸੁਨ ਕਰ ਕਹੈ ਗੁਸਾਈ ਬੈਨ ॥
ਜੋ ਇਛਾ ਤੁਰੀ ਭਈ ਦੈਨ ॥ 45 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਤੀਨ ਬਾਤ ਸੁ ਮੁਝੈ ਦੀਜੈ ਦਾਨ ਏਹੁ ਸੁ ਕੀਜਿਐ ॥
ਪ੍ਰਿਥਮ ਸਖੀ ਸੇਵਕੀ ਰਹੈ ਜਗ ਮੈ ਨਹ ਛੀਜਿਐ ॥
ਦੂਸਰੋ ਕੜਾਹ ਗੁਰ ਕੋ ਕੜਾਹੀ ਹਮਰੀ ਜਾਨਿਐ ॥
ਇਹੁ ਦੇਹੁ ਸਹੇਲੀ ਤੀਸਰੀ ਜਗ ਮਾਹ ਪ੍ਰਗਟ ਮਾਨਿਐ ॥

ਦੋਹਰਾ :- ਸ੍ਰੀ ਗੁਰ ਨਾਨਕ ਦੇਤੁ ਤੇ ਤੀਨ ਸੁ ਸਾਈ ਦਾਸ ॥
ਸਾਹਾ ਸਰ ਤੈ ਜੀਤ ਕੇਸੇਲੀ ਲਈ ਸੁ ਤਾਸ ॥ 47 ॥

ਚੌਪਈ :- ਆਪਸ ਮ ਗੋਸਟ ਬਹ ਕਰੀ ॥
ਕਛੁ ਰੈਨ ਸੁ ਤਹਿ ਰਹੀ ਸੁ ਘਰੀ ॥
ਸ੍ਰੀ ਗੁਰ ਨਾਨਕ ਰਮਤੇ ਰਹੇ ॥
ਸਾਈ ਦਾਸ ਈਹਾਂ ਹੀ ਰਹੈ ॥ 48 ॥

ਐਸ ਬਾਤ ਗੁਰ ਕੀ ਮਲ ਕਹੀ ॥
ਸੁਨ ਮਨ ਮਗਨ ਸੰਗਤ ਹੁਇ ਰਹੀ ॥
ਭਇਓ ਮੋਦ ਮਨ ਮੈ ਅਤਿ ਭਾਰੀ ॥
ਧੰਨ ਧੰਨ ਮੁਖ ਕਰੇ ਉਚਾਰੀ ॥ 49 ॥

ਦੋਹਰਾ :- ਸੁਨੇ ਬਚਨ ਮਲ ਰਸ ਰਸਨ ਤੇ ਸੰਗਤਿ ਬਡ ਸੁਖਮਾਨ ॥
ਚਲਤ ਭਏ ਨਿਜ ਦੇਸ ਕੋ ਉਦੈ ਭਇਓ ਜਬ ਭਾਨ ॥ 50 ॥

ਗੀਆ ਮਾਲਤੀ ਛੰਦ ;—

ਖਬਰ ਮਲ ਕੀ ਭਈ ਜਬ ਹੀ ਪਰਸ ਗੰਗਾ ਆਇਓ ॥
ਉਮੰਗ ਨਗਰੀ ਸਗਲ ਆਈ ਜਲਦ ਜਿਮ ਘਟ ਛਾਇਓ ॥
ਸਭ ਅਈ ਸੰਗਤਿ ਦੇਸ ਕੀ ਜਬ ਭਾਇਓ ਆਗਮ ਜਾਨਿਐ ॥
ਦਰਬਾਰ ਇਸ ਥਿਤ ਹੋਇ ਕੇ ਉਸੇਰ ਉਰ ਮਧ ਆਨਿਐ ॥

ਦੋਹਰਾ :- ਇਤ ਤੇ ਮਲ ਚਲ ਆਇਓ ਸਭਿ ਸੰਗਤਿ ਲੇ ਸੰਗ ॥
ਉਤ ਤੇ ਮਿਲਾ ਪਰਵਾਰ ਸਭ ਜਿਮ ਗਿਉ ਬਛ ਉਮੰਗ ॥ 52 ॥

ਤੋਟਕ ਛੰਦ :- ਸਭਿ ਸੰਗਤਿ ਆਇ ਕੈ ਪਾਇ ਪਰੀ ॥
ਸੁਕ ਬੇਲ ਸੁ ਸੰਚ ਕਰੀ ਸਹੁਰੀ ॥
ਜਸ ਚੰਦ ਰਵ ਸੁ ਮਿਲਾਪ ਭਇਓ ॥
ਤਿਹ ਹੇਰ ਅੰਧੇਰ ਪਲਾਇ ਗਇਓ ॥ 53 ॥

Sri Satguru Jagjit Singh Ji eLibrary NamdhariElibrary@gmail.com

ਤਬ ਸੰਗਤਿ ਬਾਤ ਸੁ ਪੂਛ ਲਈ ॥
ਤੁਮ ਕੈਸ ਸੁਰੰਗ ਹ ਨਾਨ ਕਈ ॥
ਮਲ ਨੇ ਤਬ ਬਾਤ ਪ੍ਰਕਾਸ ਕਰੀ ॥
ਸਭ ਆਵਨ ਜਾਨ ਕਰੀ ਸਗਰੀ ॥ 54 ॥

ਸੁਨ ਕੈ ਸਭਿ ਸੰਗਤਿ ਮੋਦ ਭਇਓ ॥
ਦੁਖ ਦੂਰ ਗਏ ਸੁਖ ਆਨ ਛਜੇ ॥
ਮਲ ਪੂਛਤ ਬਾਤ ਸੁ ਸੰਗਤਿ ਤੇ ॥
ਹੁਇ ਦੀਨ ਦਇਆਲ ਸੁ ਪੰਗਨਿ ਤੇ ॥ 55 ॥

ਦੋਹਰਾ :- ਕੁਸਲ ਖੇਮ ਤੁਮ ਸਦਨ ਮੈ ਅਹੈ ਗਾਤ ਕਲਿਆਨ ॥
ਚਿਤ ਬਿਰਤ ਹਮਰੀ ਤੁਮ ਬਿਖੈ ਜਾਨ ਆਪਨੋ ਪਰਾਨ ॥ 56 ॥

ਦੋ ਕਰ ਜੋਰ ਸੁ ਸੰਗਤਿ ਕਹੀ ਚਲੋ ਤੁਮ ਧਾਮ ॥
ਨਿਸ ਆਗ ਹੋਵਤ ਭਇਓ ਕਰੋ ਆਪ ਬਿਸਰਾਮ ॥
ਸੁਨ ਸੰਗਤਿ ਕੀ ਬੇਨਤੀ ਹੋਵਤ ਭਏ ਤਿਯਾਰ ॥
ਸੀਸ ਨਿਵਾਇ ਦਰਬਾਰ ਮੇ ਕਰ ਪਰਦਛਨ-ਚਾਰ ॥ 58 ॥

ਗੀਆ ਮਾਲਤੀ ਛੰਦ :—

ਅਰਦਾਸ ਕੀਨ ਸੁ ਪ੍ਰਿਥਮਾ ਗੁਰ ਕੀ
ਸਦਨ ਮੈ ਪਗ ਧਾਰਿਓ ॥
ਨਰ ਨਾਰ ਸਗਰੀ ਚਰਨ ਲਾਗੀ
ਨਗਰ ਕੋ ਨਿਸਚਾ ਧਾਰਿਓ ॥
ਗੁਰ ਗ੍ਰੰਥ ਕੀ ਦੇ ਭੇਟ
ਪ੍ਰਿਥਮੈ ਕੜਾਹ ਆਗੈ ਰਾਖਿਕੈ ॥
ਪਰਤਾਪ ਸਭ ਹੈ ਇਸੀ ਕੋ
ਅਸ ਬਚਨ ਰਸਨਾ ਭਾਖਿਕੈ ॥ 59 ॥

ਦੋਹਰਾ :- ਸਭ ਭਾਈ ਇਕੱਤਰ ਹੋਇ ਚਲੇ ਸੁ ਦਰਸ ਸਮਾਧ ॥
'ਦੁਨੀ ਚੰਦ' ਸੰਗ ਮਿਲ ਅਏ ਜਿਨ ਕੋ ਮਤੋ ਅਗਾਧ ॥ 60 ॥

ਗੀਆ ਮਾਲਤੀ ਛੰਦ :—

ਨਿਕਟ ਆਨ ਸਮਾਧ ਕੈ ਕਰ
ਜੋਰ ਸੀਸ ਨਿਵਾਇਕੈ ॥

Sri Satguru Jagjit Singh Ji eLibrary NamdhariElibrary@gmail.com

ਪਗ ਤਰਾਣ ਤਿਆਗ ਉਪਤਰਾਨ
ਹੋਇ ਪਰਦਛਨਾ ਕਰੀ ਜਾਇਕੈ ॥
ਭੇਟ ਰਾਖ ਕਰੜਾਹ ਕੀ
ਅਰਦਾਸ ਕਰ ਵਰਤਾਇਓ ॥
ਇਕਾਂਤ ਠੌਰ ਸੁ ਬੈਸ ਚਰਚਾ
ਕਰੀ ਅਸ ਮਨ ਭਾਇਓ ॥ 61 ॥

ਇਹੁ ਮਿਥਿਆ ਸੰਸਾਰ ਸਗਰੋ
ਦਿਰਿਸਟ ਮਾਨ ਨਿਹਾਰੀਐ ॥
ਬਿਰੰਚ ਇਹ ਪਰਪੰਚ ਰਚਿਓ
ਮਿਰਗ ਤਿਰਸਨ ਨੀਰ ਵਿਚਾਰਿਐ ॥
ਹਰ ਚੰਦੋਰੀ ਆਹ ਸੁਪਨੋ
ਨਗਰ ਜਿਮ ਗੰਧਰਬ ਹੈ ॥
ਇੰਦਰ ਜਾਲਸ ਲਖ ਰਚਨਾ
ਨਿਰਖ ਰੀਝੈ ਦਰਬ ਹੈ ॥

ਜਬੀ ਤਲਕ ਸੁ ਭਰਮ ਉਰਮੈ
ਹੋਤ ਨਹਿ ਵਹਿ ਦੂਰ ਹੀ ॥
ਤਬੀ ਤਲਕ ਸੂ ਧੂਏ ਧੌਲਰ
ਰਹਾ ਜਗ ਇਹੁ ਪੂਰ ਹੀ ॥
ਜੈਸ ਸਿਪੀ ਮਾਹ ਰਪਾ
ਕਿਰਨ ਰਵ ਲਗ ਭਾਸਿਐ ॥
ਗੁਣ ਮਾਹ ਸਰਪ ਨਿਹਾਰ ਡਰਈ
ਆਇ ਨਹ ਤਿਹ ਪਾਸਿਐ ॥ 63 ॥

ਪੂਹਮ ਮਾਹ ਦਰੇਰ ਜਾਨੋ ਦੁਰਮ
ਜੜੀ ਨਿਸ ਕੋ ਪੇਖਿਐ ॥
ਭਨਮ ਮਾਹ ਨਿਕਟ ਨ ਜਾਤ
ਤਾਕੇ ਸਰਪ ਮਮ ਪਵਹ ਦੇਖਿਐ ॥
ਮਰੀਚ ਜੈਸਕ ਮਾਰਤੰਡ ਕੀ
ਨੀਰ ਨਿਸਚੈ ਜਾਨਿਐ ॥
ਬਿਬ ਚੰਦ ਭਾਸ ਅਕਾਸ ਮੈ
ਦਿਤਗ ਦੇਖ ਕਰ ਹੁਇ ਮਾਨਿਐ ॥ 64 ॥

Sri Satguru Jagjit Singh Ji eLibrary NamdhariElibrary@gmail.com

ਚੌਪਈ :- ਗਿਆਨ ਵਾਨ ਹੁਇ ਰਹੈ ਨਿਆਰੋ ॥
ਮਿਥਿਆ ਇਹ ਸਭ ਲਖੋ ਅਖਾਰੋ ॥
ਅਗਿਆਨੀ ਫਸ ਹੈ ਤਿਹ ਬੀਚ ॥
ਹਰੰਖ ਸੋਗ ਕਰ ਗ੍ਰਸੈ ਸੁਮੀਚ ॥65॥

ਪੁਤਰ ਕਲਤਰ ਅਵਰ ਸਨਬੰਧ ॥
ਸਾਚੋ ਕਰ ਜਾਨੇ ਤਹ ਅੰਧ ॥
ਚਛ ਬਿਹੀਨ ਸਰਵਨ ਬਿਨ ਜਾਨ ॥
ਅੰਧ ਕੂਪ ਬਨ ਪਰਾ ਬਨ ਪਰਾ ਅਜਾਨ ॥ 66 ॥

ਬਿਨ ਰਸਨਾ ਕਰਪਦ ਬਿਨ ਜੋਈ ॥
ਜਨਮ ਜੋਨ ਦੁਖ ਭੁਗਵਤ ਸੋਈ ॥
ਜਬ ਲਗ ਉਰ ਅਗਿਆਨ ਨਹ ਹਟੈ ॥
ਤਬ ਤਕ ਮੋਹ ਸਿੰਥਲ ਨਹ ਕਟੈ ॥ 67 ॥

ਦੋਹਰਾ :- ਗਿਆਨ ਵਾਨ ਸਦ ਸੁਖੀ ਹੈ ਚਰਤ ਜੋ ਰਿਦੈ ਵਿਚਾਰ ॥
ਜਨਮ ਮਰਨ ਕੀ ਸਿਲਕ ਕਟ ਭਵ ਨਿਧ ਉਤਰ ਸੁ ਪਾਰ ॥ 68 ॥

ਚੌਪਈ :- ਜਾ ਬਿਧ ਚਰਚਾ ਤਿਨ ਹੈ ਕਰੀ ॥
ਗ੍ਰਿਹ ਆਵਨ ਕੀ ਬਾਤ ਉਚਰੀ ॥
ਸਿਖ ਸਾਧ ਬਿਪਨ ਪ੍ਰਸਾਦਿ ॥
ਦਇਓ ਛਕਾਇ ਜੈਸਕ ਮਿਰਯਾਦ ॥ 69 ॥

ਸਵੈਗਾ :- ਬਿਸਨ ਦੀਪਰ ਸੰਗ ਸੁ ਪਰਨ
ਹੋਤ ਭਇਓ ਸਭ ਹੀ ਅਸ ਗਾਇਓ ॥
ਆਦ ਅੰਮਥਕੀ ਅੰਤ ਕਥ ਜੈਸ
ਭਈ ਸੁਨੀ ਤਸ ਭਾਖ ਸੁਨਾਇਓ ॥
ਮਨ ਲਾਇ ਪੜੇ ਕਰ ਪਰੀਤ ਸੁਨੈ
ਫਲ ਗੰਗ ਕੈ ਮਜਨ ਕੋ ਤਿਨ ਪਾਇਓ ॥
ਪੁਤਰ ਕਲਤਰ ਸੁਖਾ ਬੰਧ ਜੇਤਕ
ਤੇਤਕ ਪਾਰ ਪਰੇ ਚਿਤ ਲਾਇਓ ॥ 70 ॥

ਦੋਹਰਾ :- ਤਿਰਤਾਲ ਸਮੋ ਇਹੁ ਧਿਆਇਕੋ ਪੂਰਨ ਭਇਓ ਪ੍ਰਸੰਗ ॥
ਆਗੋਤੇ ਸਰਵਨ ਕਰੋ ਕਥਾ ਸੁ ਕਹੈ ਉਮੰਗ ॥ 71 ॥

Sri Satguru Jagjit Singh Ji eLibrary NamdhariElibrary@gmail.com

ਸ੍ਰੀ ਵਾਹਿਗੁਰੂ ਸੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੇ ਧਿਯਾਨ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 72 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ ਗੰਗ
ਗਮਨ ਮਲ ਕਾ ਪ੍ਰਸੰਗ ਵਰਨਨੰ
ਸਮਾਪਤ ਮਸਤ ਸੁਭ ਮਸਤ ॥ 43 ।

—0—

Sri Satguru Jagjit Singh Ji eLibrary NamdhariElibrary@gmail.com

ਚੌਤਾਲੀਵਾਂ ਧਿਆਵ

ਅਰਜੁ :—

ਦੋਹਰਾ :— ਗੁਰ ਨਾਨਕ ਗੁਬਿੰਦ ਗੁਰ ਬਿਸਨ ਰੂਪ ਕਰਤਾਰ ॥
ਬੰਦੋ ਪਦ ਪੰਕਜ ਸਦਾ ਨਿਸਚੇ ਨਿਜ ਮਤ ਸਾਰ ॥ 1 ॥
ਭਾਈ ਜੀ ਗੁਰ ਪੁਰ ਰਮੈ ਪੀਛੇ ਭਇਓ ਪ੍ਰਸੰਗ ॥
ਆਗੇ ਕਥ ਤਿਸ ਵੰਸ ਕੀ ਸੁਨੋ ਸੁ ਰਿਦੈ ਉਮੰਗ ॥ 2 ॥

ਗੀਆ ਮਾਲਤੀ ਛੰਦ :-

ਇਕ ਆਹ "ਹੇਲਾਂ" ਨਗਰ ਮਾਂਗਟ
ਕੋਸ ਪਾਂਚ ਪ੍ਰਮਾਨ ਹੀ ॥
ਤਿਹ ਠੌਰ ਆਹ ਚਬਤਰਾ
ਤਹਿਸੀਲ ਠਾਨੋ ਜਾਨਿ ਹੀ ॥
ਕਾਰਦਾਰ ਸੁਖਤਰੀ ਤਿਹ
ਸਦਨ ਜਾਨੋ ਤਾਹ ਕੇ ॥
ਬਡ ਦੁਸਟ ਕਰੂਰ ਸੁਭਾਵ ਤਿਸਕੋ
ਸਦਗਰ ਕਰ ਸੰਗਵਾਹ ਕੇ ॥ 3 ॥

ਜੋ ਕਬੀ ਆਵੈ ਮਾਗਟੀ ਵਹ
ਕਰੈ ਖੁਜਤ ਜਾਨ ਕੈ ॥
ਅਭਿਮਾਨ ਖਤਰੀ ਜਾਤ ਕੋ
ਹੰਕਾਰ ਉਰਮੈ ਆਨ ਕੈ ॥
ਹਾਡ ਚਾਮ ਚ ਡਾਲ ਕੋ
ਗ੍ਰਹ ਗਰੇਬ ਜੋ ਉਦਧਾਰ ਹੈ ॥

Sri Satguru Jagjit Singh Ji eLibrary NamdhariElibrary@gmail.com

ਵਹ ਨੀਚ ਸੁਪਚ ਸਮਾਨ
ਜਾਨੋ ਦੂਸਰੋ ਚਮਿਆਰ ਹੈ ॥ 4 ॥

ਪੰਚਤਤ ਬਨਾਇ ਰਚਨਾ
ਦੇਹ ਉਚ ਸ ਨੀਚ ਕੀ ॥
ਪਰਕਾਸ ਅਪਨੋ ਪਾਇ ਕੈ
ਚਿੰਤਨ ਕੀਨ ਸੁ ਮੀਚ ਕੀ ॥
ਨਹ ਘਾਟ ਨਹ ਕਛ ਵਾਧ
ਹੈ ਸਭ ਹਹੀ ਸਤਾ ਪੂਰ ਹੀ ॥
ਮਿਰਜਾਦ ਅਪਨੀ ਭੇਗ ਕੈ
ਫਿਰ ਮਿਲੈ ਅੰਤ ਸੁ ਧੂਰ ਹੀ ॥ 5 ॥

ਬਧਵੰਤ ਸਮਝ ਵਿਚਾਰ ਕੋ
ਨਹ ਮੂੜ ਕੁਛ ਮਨ ਆਨਿਐ ॥
ਕੁਲਜਾਤ ਵਰਨ ਹੋਕਾਰ ਕੈ
ਪਰਵਾਹ ਡੁਬੇ ਮਾਨਿਐ ॥
ਜਲ ਮਹ ਨਿਪਜ ਤਰੰਗ ਜੈਸੇ
ਬੀਚ ਜਲ ਮਹਿ ਲੀਨ ਹੈ ॥
ਨਹ ਊਨ ਊਚ ਵਿਸੇਸਤਾ ਕੁਛ
ਪੁਸਟਤਾ ਨਹ ਖੀਨ ਹੈ ॥ 6 ॥

ਦੋਹਰਾ :— ਜਦਪ ਸ੍ਰੀ ਖੰਡ ਸੀਤਲੇ ਮਥਨ ਕਰੇ ਜੇ ਕੋਇ ॥
ਅਠਲ ਪ੍ਰਗਟ ਤਹਿ ਹੋਇਕੈ ਦਘਦ ਕਰੇ ਬਨ ਸੋਇ ॥ 7 ॥

ਚੌਪਈ :— ਨਿਤ ਪਿਤ ਤਾ ਕੋ ਕਰੋ ਦੁਖਾਵਨ ॥
ਆਵਤ ਜਾਤ ਦੇਤ ਕਲਿ ਪਾਵਨ ॥
ਅਪਜਸ ਤੇ ਵਹ ਡਰੇ ਨਹ ਨੀਚ ॥
ਇਕ ਦਿਨ ਆਇਓ ਖਾਰੇ ਬੀਚ ॥ 8 ॥

ਛਪੈ ਛੰਦ :— ਵਾਰ ਮੁਖੀ ਲਈ ਸੰਗ ਬਾਤ ਅਸ ਤਾਸਿਉ ਭਾਖੀ ॥
ਕਰੋ ਨਿਰਤ ਤੁਮ ਗਾਨ ਆਪ ਵਹ ਮਦ ਕੋ ਕਾਖੀ ॥
ਸਭ ਨਗਰੀ ਕੇ ਲੋਗ ਦੇਖ ਨੇ ਕੌਤਕ ਆਇ ॥
ਭਾਈ ਜੀ ਕੇ ਤਾਤ ਤਾਹ ਕੋ ਲਿਯੇ ਬੁਲਾਇ ॥

Sri Satguru Jagjit Singh Ji eLibrary NamdhariElibrary@gmail.com

ਤਿਨ ਮਿਲ ਮਸਲਤ ਅਸਕਰੀ ਕਰੋ ਸੋਧਨਾਂ ਮੂੜ ਕੋ ॥
ਫਿਰ ਨਹ ਕਸਕੋ ਛੇਰ ਹੈ ਕਰੋ ਚਕਿਸਤਾ ਹੂੜ ਕੋ ॥ 9 ॥

ਦੋਹਰਾ :- ਮੂੜ ਪਸੂ ਨਰ ਨੀਚ ਕੋ ਠਾਰ ਨਗਾਰੋ ਜਾਨ ॥
ਇਹੁ ਪਾਚੋ ਤਾੜੇ ਬਿਨਾ ਨਹ ਸੋਰਤ ਬੁਧਵਾਨ ॥ 10 ॥

ਜਟ ਜਤੀ ਅਜ ਪੂਤ ਜੋ ਬੈਠ ਕੰਤ ਬਿਨ ਨਾਰ ॥
ਇਹ ਪਾਂਚ ਨਿਰਬਲ ਭਲੇ ਬਲ ਮੈ ਕਰੈ ਵਿਚਾਰ ॥ 11 ॥

ਚੌਪਈ :- ਕਰਤ ਭਇਓ ਮਦਰੋ ਤਹ ਪਾਠ ॥
ਮਾਨੁਖ ਤੇ ਭਇਓ ਪਸੂ ਸਮਾਨ ॥
ਮਨ ਤੇ ਗਈ ਅਕਲ ਸਭ ਭੂਲ ॥
ਸੁਖਿ ਭਏ ਬਿਦਾ ਬਢਾ ਦੂਖ ਮੂਲ ॥ 12 ॥

ਦੋਹਰਾ :- ਦਈ ਮਸਾਲ ਬੁਝਾਇ ਕੇ ਭਾਈ ਜੀ ਕੇ ਤਾਤ ॥
ਤਿਨ ਕੀ ਪਾਗਉ ਤਾਰਲੀ ਮਹਾਂ ਅੰਧੇਰੀ ਰਾਤ ॥ 13 ॥

ਭੂਜੰਗ ਛੰਦ :- ਕਰਾ ਲਾਤ ਅੰਮੁਕਤਾ ਕੋ ਬਠਾਈ ॥
ਭਲੀ ਭਾਂਤ ਮੂੰਡੈ ਸੁਪ ਨਹੀ ਲਗਾਈ ॥
ਭਈ ਧੌਲ ਧਪਾ ਚਪੇੜ ਸੁ ਮਾਰੇ ॥
ਕੁਈ ਲਸਦ ਕਾਲੈ ਤਹੀ ਪੀਠ ਤਾਰੇ ॥ 14 ॥

ਕਿਸੀ ਖੀਚ ਬੋਦੀ ਪਟੇ ਪਟ ਲੀਨੇ ॥
ਕਿਸੂ ਬਸਤਰ ਕਾਹੈ ਨੰਗਨ ਮੂਡ ਕੀਨੇ ॥
ਕਿਤੇ ਦੇਤ ਗਾਰੀ ਬਡੋ ਨੀਚ ਭਾਰ ॥
ਭਹੀ ਐਸ ਬਾਬੰ ਨ ਤਿਸੀ ਕੋ ਸੰਭਾਰੋ ॥ 15 ॥

ਚੌਪਈ :- ਐਸ ਭਾਂਤ ਤਿਹ ਕਰਾ ਖਿਆਲ ॥
ਹੋਤਿ ਭਈ ਉਸ ਕੇ ਇਹੁ ਹਾਲ ॥
ਸੁਧ ਛਾਡ ਬਿਸੁਧ ਸ਼ੁ ਭਇਓ ॥
ਅਸ ਕੰਤਕ ਮਿਲ ਕੈ ਤਿਹ ਕਇਓ ॥ 16 ॥

ਖਾਟ ਡਾਰ ਤਿਸ ਕੌ ਲੇ ਆਏ ॥
ਕਿਨੇ ਨ ਭੇਟ ਤਾਸ ਲਖ ਪਾਏ ॥

Sri Satguru Jagjit Singh Ji eLibrary NamdhariElibrary@gmail.com

ਕਈ ਦਿਵਸ ਬੀਤੇ ਸੁਧ ਆਈ ॥
ਫਿਰ ਕਬ ਹੀ ਨਹੀ ਗਰਮ ਚਾਈ ॥ 17 ॥

ਦੋਹਰਾ :- ਭਇਓ ਦੰਡ ਤਿਹ ਮੂੜ ਕੋ ਪਾਵਤ ਭਇਓ ਸਜਾਇ ॥
ਤਾ ਜਿਨ ਤੇ ਸਿਖਿਆ ਭਈ ਰਹਿਓ ਸੂਧ ਰੁਇ ਆਇ ॥ 18 ॥

ਗੀਆ ਮਾਲਤੀ ਛੰਦ :—

ਇਹ ਭਾਂਤ ਮੂਰਖ ਡਾਰ ਮਾਰਗ
ਲੀਨ ਤਾ ਸੁ ਸੁਧਾਰ ਕੈ ॥
ਭਇਓ ਦਾਸ ਚਰਨੀ ਆ ਧਰਾ
ਦਈ ਕਬੁਧ ਤਹ ਨਿਕਾਰ ਕੈ ॥
ਖਲ ਪਸੂ ਵਸ ਹੁਇ ਡੰਡ ਕੇ
ਇਹੁ ਅਵਖ ਦੀ ਤਿਸ ਜਾਨਿਅੇ ॥
ਤਾਤ ਸਿਖ ਅਰਦਾਸ ਤੀਸਰ
ਤਾੜਨਾ ਇਨ ਆਨਿਐ ॥ 19 ॥

ਦੋਹਰਾ :— ਨਿਤੀ ਪਿਰਤ ਮੂਰਖ ਤਿਨੋ ਸੰਗ ਕਰੇ ਸਪਰਕਾ ਧਾਰ ॥
ਇਕ ਦਿਨ ਸੰਧਨ ਜਬ ਭਇਓ ਸੁਧੋ ਕਿਉ ਗਵਾਰ ॥ 20 ॥

ਚੌਪਈ :- ਜਾ ਬਿਧ ਮੂਰਖ ਕੋ ਸਮਝਾਇਓ ॥
ਜੈਸੋ ਕੀਓ ਤੈਸ ਫਲ ਪਾਇਓ ॥
ਜਬ ਕਬੀ ਹੀ ਖਾਰੇ ਮਹਿ ਆਈ ॥
ਦੌ ਕਰ ਜੋਰ ਚਰਨ ਗਹੇ ਧਾਈ ॥ 21 ॥

ਦੋਹਰਾ :- ਬਡਿਆਨ ਮੁਖ ਤੇ ਜਸ ਸੁਨੀ ਤਸ ਮੁਝਲਿਖੀ ਬਨਾਇ ॥
ਪਠੰ ਸੁਨੈ ਕਰ ਭਾਵਨਾ ਮੂਰਖ ਛੁਐਨ ਨ ਛਾਇ ॥ 22 ॥

ਪੂਰਨ ਭਇਓ ਪਰਸੰਗ ਇਹੁ ਆਗੇ ਸੁਨੋ ਸੁਜਾਨ ॥
ਚਿਤ ਬਿਰਤ ਸਰਵਣ ਧਾਰਕੈ ਰਾਖੋ ਉਰ ਮੈ ਧਿਆਨ ॥

ਦੋਹਰਾ :- ਗੁਰ ਪੁਰ ਗਮਨ ਸੁ ਜ ਕੀਓ ਭਾਈ ਜੀ ਸੁਖ ਦਾਨ ॥
ਪਾਛੇ ਤੈ ਇਹੁ ਬਿਧ ਭਾਈ ਸੋ ਤੁਮ ਸੁਨੋ ਸੁਜਾਨ ॥

ਗੀਆ ਮਾਲਤੀ ਛੰਦ :-

ਤਿਨ ਕੋਸ ਖਾਰੇ ਤੇ ਅਹੈ

Sri Satguru Jagjit Singh Ji eLibrary NamdhariElibrary@gmail.com

ਇਕ ਨਗਰ "ਮਕੇਵਲ" ਹੈ ॥
ਦੁਨੀ ਚੰਦ ਸੁ ਸਿਖ ਸਿਦਕੀ
ਸੁਨੇ ਤਿਸ ਕਥਿ ਖਿਆਲਈ ॥
ਅਰੋੜ ਵੰਸੀ ਜਾਤ "ਛਾਬੜ"
ਸਭਿ ਜਗਤਿ ਮੈ ਵਿਖਿਆਤ ਹੈ ॥
ਹੋਨਹਾਰ ਸਿਰ ਅਈ ਤਿਨਕੇ
ਭਈ ਦਿਨ ਤੇ ਰਾਤ ਹੈ ॥ 25 ।

ਲੋਪ ਸੰਪਤਿ ਭਈ ਤਿਸ ਕੀ
ਜਾਨਿਓ ਨਿਤਧਾਰਿ ਹੀ ॥
ਅਬ ਕਵਨ ਜਤਨ ਉਪਾਵ ਕਰਿ
ਹੋ ਹੀਏ ਮਾਹ ਵਿਚਾਰ ਹੀ ॥
ਬਡੋ ਕਸਟ ਕਲੇਸ ਭਾਰੋ
ਗਰਸਤ ਮਾਰਗ ਜਾਨਿਏ ॥
ਧਨਵੰਤ ਤੇ ਨਿਰਧਾਰੀ ਹੋਨਾ
ਦੁਯਸੇ ਦੁਖ ਸੁ ਮਾਨਿਐ ॥ 26 ॥

ਸਨ ਬੰਧ ਸਾਕ ਕੁਟੰਬ ਕੇਤੋ
ਨਹ ਆਦਰ ਕੇਤ ਹੈ ॥
ਅਪਮਾਨ ਜਹ ਕਹ ਪਾਵਈ
ਨਹ ਮਾਨ ਕਬਿਹੁੰ ਲੈਤ ਹੈ ॥
ਇਸ ਜੀਵਨ ਤੇ ਮਿਰਤ ਆਛੀ
ਕੀਨ ਚੀਤ ਵਿਚਾਰਈ ॥
ਨਹ ਮਿਲੇ ਜੇਕਰ ਸੰਪਤਾ
ਤਜ ਦੇਹੁ ਮਤਿ ਸਾਰਈ ॥ 27 ॥

ਇਕ ਕਹੈ ਪੁਛੋ ਲਖਮੀ
ਤੁਝ ਮਿਲੇਗੀ ਫਿਰਆਇਕੈ ॥
ਇਕ ਕਹੈ ਚੌਕੀ ਹਨੂ ਕੀ
ਸਭ ਨਿਸਾ ਜਾਗੋ ਜਾਇਕੈ ॥
ਇਕ ਕਹੈ ਗਣਪਤ ਸੇਵੀਐ
ਸਿਵ ਸਿਵਾ ਸੰਗ ਮਿਲਾਇਆ ॥

Sri Satguru Jagjit Singh Ji eLibrary NamdhariElibrary@gmail.com

ਮਨ ਬਾਛਤੰ ਫਲ ਪਾਇ ਨਿਸਚੈ
ਸਾਚ ਤੁਮ ਪਿਰਤ ਗਾਈਐ ॥ 28 ॥

ਅਵਰ ਦੈਵੀ ਦੇਵਤੇ ਰਖਿ
ਵਰਤ ਕੇਤੇ ਭਾਖਿਐ ॥
ਸੁਨ ਬਾਤ ਸਬਕੀ ਰਾਖ
ਹਰਦੇ ਨਾਹ ਉਤਰ ਆਖਿਐ ॥
ਭਾਈ ਬੰਨੋ ਜੀ ਅਹੈ
ਮੁਝ ਗੁਰੂ ਸ਼ਭ ਜਾਨ ਹੀ ॥
ਚਲਿ ਓਟ ਪਕਰੋ ਆਸ ਹੋ ਇਹੁ
ਬਾਤ ਉਰ ਮੈ ਆਨਿ ਹੀ ॥ 29 ॥

ਦੋਹਰਾ :- ਕਰ ਹਾਰਿਓ ਉਪਾਵ ਬਹੁ ਸਭ ਨਿਹਫਲ ਭਾਏ ਜਾਨ ॥
ਭਾਈ ਬੰਨੋ ਸਰਨ ਗਹਿ ਹਿਰਦੈ ਧਾਰ ਤਿਹ ਧਿਆਨ ॥ 30 ॥

ਚੌਪਈ :- ਭਾਈ ਜੀ ਕੀ ਜਹਾਂ ਸਮਾਧ ॥
ਤਿਹ ਕੋ ਚਲਾ ਸੁ ਮੇਟ ਉਪਾਧ ॥
ਬਨਮਧ ਜਾਇ ਸੁ ਸਮਾਧ ਸਕੇਲ ॥
ਬਾਧ ਪੇਟ ਸਿਰ ਧਰੇ ਸੁ ਮੇਲ ॥ 31 ॥

ਆਨ ਸਮਾਧ ਸੁ ਧਰੀ ਉਤਾਰ ॥
ਕਰੀ ਪਰਕਸਰਮ ਤਾਹ ਫੁਨ ਚਾਰ ॥
ਦਸ਼ੁਰ ਦਿਵਸ ਸ ਐਸੀ ਰੀਤਿ ॥
ਤੀਸਰ ਫਿਰ ਆਇਓ ਕਰ ਪਰੀਤਿ ॥ 32 ॥

ਆਂਠ ਮਾਤਰ ਤਿਹ ਸਦਨ ਸੁ ਭਾਨ ॥
ਕਛੁ ਨਿਸਚਾ ਉਪਜਿਓ ਮਨ ਆਨ ॥
ਸਵਾਸ ਸੇਰ ਤਿਹ ਅਨ ਉਬਾਨ ॥
ਧਰੀ ਭੇਟਅਸ ਕੀਨ ਖਿਆਲ ॥
ਕਛੁ ਗੁਜਰਾਨ ਤਿਹ ਭਈ ਖੁਸ਼ਾਲੀ ॥
ਸਵਾ ਸੇਰ ਪਕਾਂਭਰ ਭਰੀ ਥਾਲੀ ॥
ਸੋ ਸਮਾਧ ਤਿਨ ਆਨ ਸੁਰਾਖੀ ॥
ਸੁਨੋ ਸੰਤ ਅਬਿ ਤਿਨ ਕੀ ਸਾਖੀ ॥34 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਦਿਨ ਦਿਨ ਲਛ ਨਿਹਾਰ ਈ ਤਹ ਗ੍ਰਿਹ ਕਰੈ ਨਿਵਾਸ ॥
ਪਾਈ ਅਨ ਉਬਾਲ ਕਰ ਲਿਆਵਤ ਸਿਖ ਸੁ ਤਾਸ ॥ 35 ॥

ਗੀਆ ਮਾਲਤੀ ਛੰਦ :-

ਧਨ ਭਇਓ ਸਦਨ ਵਸੇਸ
ਜਬ ਹੀ ਦੇਤ ਦਮਰੋ ਏਕ ਹੀ ॥
ਭਈ ਸਰਧਾ ਤਾਸ ਕੋ ਦੁਇ
ਤੀਨ ਆਨ ਬਬੇਕ ਹੀ ॥
ਜਬ ਧਰੇ ਦਮਰੋ ਪਾਚ ਹੀ
ਦਿਨ ਤੀਨ ਨੇਮ ਸੁਧਾਰ ਕੈ ॥
ਨਭ ਭਈ ਬਾਨੀ ਤਸ ਕੋ
ਸੁਨ ਸਿਖ ਲੇਹੁ ਵਿਚਾਰ ਕੈ ॥ 36 ॥

ਭਈ ਸੇਵ ਸੁਘਾਲ ਪੂਰੀ ਫੇਰ ਨਹ ਤੁਮ ਆਇਐ ॥
ਗ੍ਰਹ ਮਾਹ ਸੰਪਤਿ ਸੁਖ ਲਹੋ ਮਨ ਬਾਂਛਤੇ ਫਲ ਪਾਇਐ ॥
ਸਿਦਕ ਸਾਬਤਿ ਰਾਖਿ ਪਰਤੀਤ ਏਕ ਸੁਨਾਮ ਕੋ ।
ਵਹ ਈਤ ਊਤ ਸੁ ਕਾਮ ਸਦ ਹੀ ਪਾਈਓ ਬਿਸਰਾਮ ਕੋ ॥ 37 ॥

ਕਈ ਕਾਲ ਸੁ ਸੰਪਤਾ ਗ੍ਰਹ ਰਹੀ ਤਾਕੈ ਛਾਇਕੈ ।
ਦੁਖ ਦਾਰਦੰ ਕਲੇਸ ਤਿਨ ਕੇ ਗਏ ਬਿਲਾਇਕੈ ॥
ਸਿਦਕ ਸਿਖੀ ਦਾਨ ਦੀਨੇ ਰਹਾ ਕੁਲ ਮੈ ਜਾਨਿਐ ॥
ਅਬ ਤਲਕ ਬਾਤ ਪ੍ਰਸਿਧ ਜਗ ਮੈ ਵਿਦਤ ਸਭ ਹੀ ਮਾਨਿਐ ॥
38 ॥

ਚੌਪਈ :- ਦੁਨੀ ਚੰਦ ਕੀ ਕਥਾ ਬਖਾਨੀ ॥
ਭਇਓ ਪ੍ਰਸਿਧ ਧਨਾਢ ਸੁ ਜਾਨੀ ॥
ਮਨ ਧਰ ਪਰੇਮ ਗਾਥ ਜੋ ਗਾਵੈ ॥
ਦਾਰਦ ਦੂਰ ਸੰਪਤਾ ਪਾਵੈ ॥ 39 ॥

ਦੋਹਰਾ :- ਆਗੈ ਸੁਨੋ ਪ੍ਰਸੰਗ ਤੁਮ ਸਤਿ ਸੰਗਤਿ ਧਰ ਧਿਆਨ ॥
ਭਾਈ ਬੰਨੋ ਵੰਸ ਕੀ ਕਥਾ ਸੁ ਕਰੋ ਬਖਾਨ ॥ 40 ॥

ਭਾਈ ਜੀ ਕੋ ਪੂਤ ਬਡ "ਮਲ" ਨਾਮ ਹੈ ਤਾਸ ॥
ਤਿਨਕੀ ਅੰਸ ਬਖਾਨਿਓ ਜਹ ਬਿਧ ਭਇਓ ਪ੍ਰਕਾਸ ॥ 41 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਪ੍ਰਿਥਮ ਨਿਪ ਜਿਓ ਪੂਤ ਮਲ
ਗ੍ਰਹ ਦਾਨ ਸਿੰਘ ਸੋ ਨਾਮ ਹੈ ॥
ਪੁਰ ਹੂਤ ਸ੍ਰਮ ਪਰਤਾਪ ਤਿਸ ਕੋ
ਜਪੈ ਅਹਿ ਨਿਸ ਰਾਮ ਹੈ ॥
ਜਸ ਭਇਓ ਜਨਮ ਸੁ ਤਾਸ
ਭਵ ਮੈ ਅਬਿ ਸੁਨੋ ਤਾਕੀ ਗਾਥ ਕੋ ॥
ਇਕ ਬਰਸ ਮਾਸ ਸੁ ਅਲਪ
ਦਿਨ ਕੋ ਭਇਓ ਬਲਾਕ ਕਾਥ ਕੋ ॥

ਤਬ ਸੀਤਲ ਆਦਰਸ ਦੀਨੋ
ਦਇਆਲ ਹੋਈ ਮਾਨਿਐ ॥
ਪਿਤਾ ਸੁਤਾ ਮਿਲਨੇ ਆਈਓ
ਧਰ ਮੋਹ ਹਿਰਦੈ ਜਾਨਿਐ ॥
ਵਹ ਭਈ ਲਾਜਮ ਬਾਪ ਸੁਨਿਓ
ਮੋਹ ਪਾਸ ਸੁ ਆਈਓ ॥
ਗੋਦ ਮੈ ਛਪਾਇ ਬਾਲਕ
ਮਾਹ ਜਲ ਮੈ ਪਾਇਓ ॥ 43 ॥

ਜਨਕ ਪਿਰ ਜਬ ਮਿਲੀ ਪੁਤਰੀ
ਪੂਛਿਓ ਸੁਖ ਤਾਸ ਕ ॥
ਵਹ ਆਹ ਬਾਲਕ ਕਹਾ ਦਹਤਾ
ਸੁਨ ਉਪਹਿ ਜਿਤ ਉਰ ਤਰਾਸ ਕੋ ॥
ਅਵਰਕਿਨ ਹੀ ਹੈ ਕਹਾ ਇਨ
ਰਾਖਿਆ ਜਲ ਮਿਆਨ ਹੀ ॥
ਧਰ ਸੰਕ ਨਾਹ ਨਿਸੰਕ ਭਾਖੈ
ਹੋਇ ਲਜਿਆ ਵਾਨ ਹੀ ॥ 44 ॥

ਖਿਝ ਕਹਾ ਬਾਪ ਪੁਤਰੀ ਰਿਮ
ਬਾਲ ਕੋ ਦਖ ਦੀਜਿਐ ॥
ਵਹ ਆਨ ਸੀਘਰ ਕਢਿਕੈ
ਤਨ ਰਛਿਆ ਤਿਸ ਕੀਜਿਐ ॥

Sri Satguru Jagjit Singh Ji eLibrary NamdhariElibrary@gmail.com

ਜਬ ਆਇਓ ਲੜਕਾ ਦੇਖਿਓ
ਧੜ ਨੀਮ ਸਾਬਤ ਜਾਨਿਓ ॥
ਤਬ ਮਲ ਬਚਨ ਬਖਾਨਿਓ
ਇਸ ਅਰਣ ਸਮ ਹੀ ਮਾਨਿਓ ॥ 45 ॥

ਚੌਪਈ :- ਸਤਿ ਪ੍ਰਤਖ ਪੂਰਾ ਪੁਰਖੋ ਹੋ ਤੁਮ ॥
ਬਡ ਪਰਤਾਪ ਹੋਇ ਨਰ ਉਤਮ ॥
ਜਾ ਬਿਧ ਬਚਨ ਅਨਾਯਤ ਹੋਈ ॥
ਬਾਲ ਬਿਰਧ ਜਾਨਤ ਸਭ ਕੋਈ ॥ 46 ॥

ਦੋਹਰਾ :- ਬਾਲ ਬਿਵਸਤਾ ਅਸ ਕਹੀ ਜਸ ਹਮ ਸੁਨੀ ਸੁਜਾਨ ॥
ਆਗੈ ਕੀ ਕਥਿ ਭਾਖਿਓ ਸੁਨੋ ਸੰਤ ਸੁਰ ਗਿਆਨ ॥ 47 ॥

ਅੜਿਲ :- ਨਗਰ "ਕਾਦਰਾਵਾਦ" ਬਾਤ ਭਈ ਜਾਨਿਐ ॥
ਸਭ ਜਗ ਮੈ ਪਰਸਿਧ ਕਛੁ ਨਹਿ ਛਾਨਿਐ ॥
ਆਰੋੜੈ ਸਿਖ ਧਨਿਵਾਨ ਹੂਠੜੇ ਜਾਤਿ ਹੈ ॥
ਹੋ ਭਈ ਜੀ ਕੇ ਸਿਖ ਪ੍ਰਗਟ ਵਿਖਿਆਤ ਹੈ ॥ 48 ॥

ਮਨਤ ਮਨੌਤੀ ਭੇਟ ਸਦਾ ਵਹ ਦੇਵਈ ॥
ਕਾਰਜ ਬਨੇ ਜੁ ਆਨ ਰਿਦੈ ਮਧ ਸੇਵਈ ॥
ਭਾਵੀ ਕੇ ਵਸ ਹੋਇ ਲੀਓ ਮੁਖ ਫੇਰ ਕੈ ॥
ਹੋ ਨਿਸਚਾ ਦਇਓ ਤਿਆਗ ਵਿਖੈ ਮਤਿ ਘੇਰ ਕੈ ॥ 49 ॥

ਦੋਹਰਾ :- ਹੋਨਹਾਰ ਜਬ ਪੁਰਖ ਪੈ ਆਵਤ ਹੈ ਬਲਿਧਾਰ ॥
ਗੁਰੂ ਪੀਰ ਕੋ ਤਿਆਗ ਕੈ ਬਡਿ ਅਨਦੇਤ ਬਿਸਾਰ ॥ 50 ॥

ਦਾਨ ਸੰਘ ਭਾਈ ਤਿਬੈ ਮਨ ਮੈ ਕਯੋ ਬਿਚਾਰ ॥
ਬੇ ਮੁਖ ਭਏ ਸੁ ਸਿਖ ਏਹ ਫਲ ਪਾਵੈ ਨਿਰਧਾਰ ॥ 51 ॥

ਗੀਆ ਮਾਲਤੀ ਛੰਦ :—

ਦਾਨ ਸੰਘ ਚਲਿਆ ਏਹ ਜਹ ਨਗਰ ਭੇਖੋ ਜਾਨਿਐ ॥
ਵਹ ਸੈਹਰ ਤੇ ਇਕ ਕੋਸ ਹੈ ਪ੍ਰਮਾਣ ਤਾਹ ਬਖਾਨਿਐ ॥
ਗੁਰਸਾ ਸਿੰਘ ਕੋ ਸੰਗ ਲੀਨੋ ਭਤੀਆ ਤਾ ਕੋ ਜਾਨਿਓ ॥
ਜਹ ਆਹ ਗੋਰ ਅਸਥਾਨ ਕੋ ਪ੍ਰਵੇਸ ਤਹ ਠਾਸ ਮਾਨਿਓ ॥ 52 ॥

ਦੂਰ ਠਾਢੋ ਹੈ ਕਰਾਮਾਤ
ਡਰੈ ਬਾਲ ਸੁ ਭਾਵ ਹੀ ॥

Sri Satguru Jagjit Singh Ji eLibrary NamdhariElibrary@gmail.com

ਆਪ ਆਗੈ ਹੋਇ ਕੈ ਬਚ
ਕਹੈ ਮਨ ਖੁਨਸਾਵ ਹੀ ॥
ਸਭ ਮਰੇ ਤੁਮ ਕੁਈ ਜੀਵ ਤੋ ਕਿਆ
ਭਇਓ ਨਹ ਕੋਈ ਆਵ ਹੈ ॥
ਸਨ ਨੀਕਸੇ ਕਰ ਜੋਰ ਕੈ
ਬਿਅੰਤ ਅੰਤ ਨਹ ਪਾਵ ਹੈ ॥ 53 ॥

ਜਿਨ ਭੂਤ ਪਿਸਾਚ ਜਾਨੋ ਪਰੇਤ ਸੰਗਿਆ ਤਾਸ ਹੀ ॥
ਚਿਤਰ ਗੁਪਤ ਸਹੀਦ ਕੇਤਕ ਰਹੈ ਤਾਹ ਅਵਾਸ ਹੀ ॥
ਕਰ ਜੋਰ ਸੀਸ ਨਿਵਾਇਕੈ ਕਹੈ ਹੁਕਮ ਮੁਝ ਕੋ ਦੀਜਿਐ ॥
ਪਲ ਮਾਹ ਕਾਰਜ ਜੋ ਕਰੋ ਨਹ ਡੇਰ ਰੰਚਿਕ ਕੀਜਿਐ ॥ 54 ॥

ਦੋਹਰਾ :- ਭਾਈ ਜੀ ਤਿਨ ਪਿਰਤ ਕਹਾ ਕਰੋ ਹਮਾਰੋ ਕਾਰ ॥
ਸ਼ਿਹਿਰ ਬਸਤ ਜੋ ਲੂਣਰੇ ਹਰੋ ਸੁ ਤਾਹ ਸਮਾਜ ॥ 55 ॥

ਚੌਪਈ :- ਬਰਖ ਬੀਚ ਤਿਨ ਕਾ ਧਨ ਹਰੋ ॥
ਸਨੇ ਸਨੇ ਕਾਰਜ ਇਹੁ ਕਰੋ ॥
ਸੁਨ ਕਰ ਬਚਨ ਬਿਨੋ ਤਿਹ ਕਰੀ ॥
ਜਾਨੋ ਤਿਨ ਕੀ ਸੰਪਤਿ ਹਰੀ ॥ 56 ॥

ਦੋਹਰਾ :- ਬਿਦਾ ਕਰਾ ਤਿਨ ਜੋਰ ਕਰ ਦਾਨ ਸੰਘ ਕੋ ਜਾਨ ॥
ਧਾਰ ਰੂਪ ਨਿਜ ਧਾਮ ਕਾ ਧਸੇ ਧਾਮ ਮਧਿ ਆਨ ॥ 57 ॥

ਤੋਟਕ ਛੰਦ :- ਨਿਸ ਬਾਸਰ ਧਾਮ ਬਿਖੈਬਸੰ ਹੀ ॥
ਧਨ ਭੂਖਨ ਬਾਸਨ ਲੇਕ ਸਹੀ ॥
ਬਿਤ ਛੀਨ ਭਇਓ ਤਿਹ ਧਾਮ ਬਿਖੈ ॥
ਨ ਲੂਟ ਕਿਸੇ ਨਹ ਚੋਰ ਪਿਖੈ ॥ 58 ॥

ਮਿਲ ਆਪਸ ਮੈ ਤਿਨ ਚੰਤ ਕਰੀ ॥
ਕਸ ਕੌਤਕ ਕੀਨਸੁ ਦੇਖ ਹਰੀ ॥
ਅਸ ਦੀਨ ਦਇਆਲ ਸੁ ਖੇਲ ਠਟਾ ॥
ਨਹ ਆਗ ਲਗੀ ਨਹ ਧਾਮ ਫਟਾ ॥ 59 ॥

ਬਿਚ ਸੰਮਤ ਸੰਪਤ ਹੀ ਨ ਭਏ ॥
ਧਨ ਨਾਸ ਲਖਾ ਦੁਖ ਦੀਨ ਅਏ ॥

Sri Satguru Jagjit Singh Ji eLibrary NamdhariElibrary@gmail.com

ਜਗ ਬੀਚ ਨ ਆਦਰ ਕੋ ਇਕ ਰੈ ॥
ਬਿਨ ਸੰਤ ਸੁ ਕਸਟ ਨ ਕੋਇ ਹਰੈ ॥ 60 ॥

ਦੋਹਰਾ :- ਦੁਖੀ ਦਰਿਦਰੀ ਦੀਨ ਬਡ ਸੰਪਤਿ ਭਇ ਬਿਨਾਸ ॥
ਨਰ ਨਾਰੀ ਡੋਲਤ ਫਿਰੈ ਦੇਖ ਕਹੈ ਸਭ ਹਾਸ ॥ 61 ॥

ਸਵੈਯਾ :- ਬਤ ਕਰੇ ਸਭ ਹੀ ਤਿਨਕਾ ਦਿਨ
ਧੋਰਨ ਮੈ ਧਨ ਨਾਸ ਭਇਓ ॥
ਅਸ ਈਸਕੋ ਖਿਆਲ ਬਿਅੰਤ ਲਖੋ
ਨਹ ਅੰਤ ਕਿਨੇ ਤਿਨ ਕੋ ਸੁ ਲਹਿਓ ॥
ਤਬ ਗੁਰਸਾ ਸਿੰਘ ਸੁਨਾਇ ਦਈ
ਕਹੂੰ ਪਾਸ ਸੁ ਜੁਈ ਹਵਾਲ ਲਹਿਓ ॥
ਉਨ ਪੁਰਸ ਕਹੀ ਤਿਨ ਸਿਖਨ ਕੋ ਇਹੁ
ਭਾਈ ਕੋ ਜਾਨ ਖਿਆਲ ਆਇਓ ॥ 62 ॥

ਗੀਆ ਮਾਲਤੀ ਛੰਦ :—

ਤਬ ਸੁਨੀ ਬਾਤ ਤਿਨ ਸਿਖ ਨੇ
ਬਿਸਮਾਦ ਮਨ ਮੈ ਹੋਇਓ ॥
ਚਲ ਚਰਨ ਪਕਰੋ ਦਾਨ ਸਿੰਘ ਕੇ
ਕਰ ਦੀਨ ਤਾ ਬਹੁ ਰੋਇਓ ॥
ਮੈ ਅਹਿ ਦਾਸ ਕਦੀਮ ਤੁਮਰੋ
ਸਿੱਖ ਹੋਇ ਸੁ ਧਾਮ ਕੋ ॥
ਅਬ ਚਰਨ ਸਰਨੀ ਆਇਓ ਰਖ
ਲੇਹੁ ਓਟ ਸੁ ਨਾਮ ਕੋ ॥ 63 ॥

ਦੋਹਰਾ :- ਸੰਤ ਸਰਾਪੇ ਜਹ ਕੋ ਤਿਹ ਰਖ ਕਨਹ ਕੋਇ ॥
ਬਿਸਨ ਬਿਰੰਚ ਸੰਕਰ ਸਿਵਾ ਨਹ ਪਖਕ ਤਿਸ ਹੋਇ ॥ 64 ॥

ਚੌਪਈ :- ਸੁਨ ਕਰਿ ਸਿਖ ਗਏ ਤਤਕਾਲ ॥
ਚਰਨ ਗਹੇ ਕਰ ਰਾਖਿਓ ਭਾਲਾ ॥ 65 ॥

ਉਸਤਤ ਕਰੀ ਦੀਨ ਹੁਇ ਭਾਈ ॥
ਛਿਮੋ ਭੂਲ ਜੁ ਮੁਝ ਹੋਇ ਆਈ ॥
ਭੂਲਨ ਹਾਰ ਸਦਾ ਹਮ ਜਤ ॥

Sri Satguru Jagjit Singh Ji eLibrary NamdhariElibrary@gmail.com

ਬਖਸਨ ਜੋਗ ਬਿਰਾਦ ਤੁਮ ਸੰਤ ॥
ਤੁਮ ਬਿਨ ਹਮਰੋ ਨਹ ਕੋ ਜਾਨ ॥
ਭਲੀ ਭਾਂਤ ਲਿਓ ਸੋਧ ਪਛਾਨ ॥ 66 ॥

ਦੋਹਰਾ :- ਬਿਨੋ ਕਰੀ ਜਬ ਸਿਖ ਬਨੇ ਭਾਈ ਭਏ ਦਇਆਲ ॥
ਖੁਸੀ ਮਹਲ ਬੋਲਤ ਭਏ ਮਹਰ ਕਰੀ ਤਤਕਾਲ ॥ 67 ॥

ਅੜਿਲ :- ਸਿਖ ਪਿਰਤ ਐਸੇ ਬਚਨ ਸੁ ਕਹੈ ਉਚਾਰ ਕੈ ॥
ਧਨ ਤੁਮਰੋ ਧਰਾ ਆਮਾਲ ਸੁ ਭਲੀ ਪਰਕਾਰ ਕੈ ॥
ਜਿਮ ਜਿਮ ਧਨ ਭਇਓ ਛੀਨ ਤਿਮੈ ਤਿਮ ਆਵਈ ॥
ਹੋ ਚਿਤ ਮੈ ਚਿੰਤ ਨ ਕਰੋ ਬਹੁਰ ਨਹ ਜਾਵਈ ॥ 68 ॥

ਦੋਹਰਾ :- ਐਸੇ ਬਚਨ ਬਖਾਨ ਕੈ ਫਿਰ ਆਏ ਤਿਸ ਥਾਨ ॥
ਚਿਤਰ ਗੁਪਤਿ ਜਿਹ ਹੈ ਰਹੈ ਤਿਨ ਪਿਰਤ ਕਰ ਬਖਾਨ ॥ 69 ॥

ਚੌਪਈ :- ਮਿਲੋ ਆਇ ਮੁਝ ਕੋ ਕਹਿ ਗਏ ॥
ਤੁਮਰੇ ਧਾਮ ਬਿਖੈ ਚਲ ਅਏ ॥
ਸੁਨ ਕਰ ਨਿਕਸਤ ਭਏ ਹਜਾਰਾ ॥
ਆਦ ਅੰਤ ਕਛੁ ਨਾਹ ਸੁ ਮਾਰਾ ॥ 70 ॥

ਦੋ ਕਰ ਜੋਰ ਸੁ ਬੇਨਤੀ ਕਰੇ ॥
ਜੋ ਕਾਰਜ ਮੁਖ ਤੇ ਤੁਮ ਹਰੇ ॥
ਸੋ ਕਾਰਜ ਛਿਨ ਮੈ ਭਾਇਓ ਜਾਨ ॥
ਰੰਚਕ ਨਹ ਕਛ ਹੋਇ ਨੁਕਸਾਨ ॥ 71 ॥

ਚੌਪਈ :- ਹੁਕਮ ਮਾਨ ਭਾਈ ਕਾ ਲੀਨਾ ॥
ਜਿਉ ਜਿਉ ਹਰਾ ਤਿਨੇ ਤਿਵਾ ਦੀਨਾ ॥
ਫਿਰ ਸੰਪਤਿ ਗ੍ਰਿਹ ਨਿਪਜੀ ਆਨ ॥
ਸੁਖ ਉਪਜਾ ਦੁਖ ਕੀ ਭਈ ਹਾਨ ॥ 73 ॥

ਜਾ ਬਿਧ ਕਥਾ ਭਈ ਇਹ ਪਰੀ ॥
ਪਰੇ ਸੁਨੈ ਦੁਖ ਮਿਟੈ ਵਸੂਰੀ ॥
ਅਧ ਬੂਤ ਕਥਾ ਅਵਰ ਸੁਨੋ ਸੰਤ ॥
ਮਿਟੈ ਪਾਪ ਸੁਖ ਬਢੈ ਬਿਅੰਤ ॥ 74 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ ;- ਏਕ ਸਮੇ ਮਨ ਆਪਨੇ ਕੀਨੋ ਐਸ ਵਿਚਾਰ ॥
ਸਿਖ ਸੰਗਤਿ ਪ੍ਰੇਮੀ ਜਿਹਾ ਤਹ ਚਲ ਕਰੈ ਦਿਦਾਰ ॥ 75 ॥

ਗੀਆ ਮਾਲਤੀ ਛੰਦ :—

ਮਧ ਧਾਰ ਇਛਾ ਚਲੇ ਗ੍ਰਹ ਤੇ
ਨਦੀ ਨਗ੍ਰ ਕਈ ਨਾਖ ਕੇ ॥
ਅਸ ਦੇਸ ਇਕਸ ਪਰਵੇਸ ਕੀਨੋ
ਸੁਨੋ ਤਾਕੀ ਸਾਖ ਕੋ ॥
ਸੰਕਲਪ ਧਰ ਮਨ ਚਲਤ ਤੇ
ਅਬਿ ਚਲੇ ਨਉਕਾ ਜਾਇ ਹੀ ॥
ਦਿਨ ਜਾਮ ਚਤਰਥ ਚਾਰ
ਕਟਕਾ ਰਹਾ ਏਤੋ ਆਇ ਹੀ ॥ 76 ॥

ਇਨ ਆਵ ਨੇਤੇ ਅਗਰ
ਨਉਕਾ ਮਲਾਹ ਦੀਨੀ ਤੋਰ ਕੈ ॥
ਇਤ ਦਾਨ ਸਿੰਘ ਪੁਕਾਰਿਓ
ਤੁਮ ਲਿਆਵ ਬੇੜੀ ਮੋੜ ਕੈ ॥
ਬੇਰ ਆਰ ਅਲਾਇਓ ਨਹ
ਮੁਰੇ ਨਉਕਾ ਆਜ ਹੀ ॥
ਫਿਰ ਜਾਹੁ ਤੁਮ ਚਲ ਨਗਰ
ਕੋ ਦਿਨ ਉਦੈ ਸਵਰੈ ਕਾਜ ਹੀ ॥ 77 ॥

ਨਿਸ ਮਾਹ ਆਵੈ ਨਿਸਚਰੀ
ਵਹ ਕਰੈ ਜੀਵ ਸੁ ਭਛਿਈ ॥
ਨਹ ਛਾਡ ਹੈ ਵਹ ਕਿਸੀ ਕੋ
ਨਹ ਕਰੈ ਕਿਸ ਕੋ ਰਛਿਈ ॥
ਦਾਨ ਸਿੰਘ ਫਿਰ ਭਾਖਿਓ
ਅਬ ਨਗਰ ਮੈ ਨਹ ਜਾਵ ਹੋ ॥
ਉਦਿਆਨ ਜੋਜਨ ਭਰ ਇਹਾਂ ਚਲ
ਪਰਾਤਿ ਕਸ਼ਟ ਜੁ ਆਵ ਹੋ ॥ 78 ॥

ਦੋਹਰਾ :- ਫਿਰ ਮਲਾਹ ਅਸ ਭਾਖਿਓ ਨਗਰ ਜਹੁ ਚਲ ਸਾਧ ॥
ਏਹਾਂ ਪਰੈ ਬਲਾਇ ਨਿਸ ਭਛਤ ਜੀਵ ਉਪਾਧ ॥ 79 ॥

Sri Satguru Jagjit Singh Ji eLibrary NamdhariElibrary@gmail.com

ਤੋਟਕ ਛੰਦ :- ਅਸ ਕ੍ਰਾਂਤਿ ਜਬ ਸੁ ਮਲਾਹ ਕਹੀ ॥
ਰਿਧ ਧਾਰ ਸੁ ਆਪਨ ਸਾਚ ਲਹੀ।
ਅਬ ਕਨ ਉਪਾਵ ਸੁ ਮੋਹ ਕਰੋ ॥
ਇਸ ਠੌਰ ਬਸੋ ਪਿਛ ਕੈ ਬਿਚਰੋ ॥ 80 ॥

ਦੁਇ ਤੀਨ ਘਟੀ ਤਬ ਦਿਵਸ ਰਹਾ ॥
ਮਨ ਆਪਨ ਮਾਹ ਬਿਚਾਰ ਕਰਾ ॥
ਇਸ ਠੌਰ ਤੇ ਦੂਰ ਸੁ ਗਰਾਮ ਅਹੈ ॥
ਚਲਿ ਜਾਵ ਤੁ ਪੈਡਿ ਦਨੇਸ ਲਹੇ ॥ 81 ॥

ਇਸ ਠੌਰ ਨਿਵਸ ਕਰਿ ਹੋ ॥
ਤਬ ਮੋਹ ਕੇ ਪਰਾਨ ਬਲਾਹਰਿ ਹੈ ॥
ਸਭ ਕਾਰਜ ਸ੍ਰੀ ਗੁਰ ਕ ਵਸ ਹੈ ॥
ਜਹ ਨਾਮ ਲਏ ਦੁਖ ਹੋ ਨਸ ਹੈ ॥ 82 ॥

ਦੋਹਰਾ :- ਮਨ ਮੈ ਕਿਓ ਬਿਚਾਰ ਅਸਲਿਓ ਮਲਾਹ ਬੁਲਾਇ ॥
ਹੁ ਤਾਸ ਨ ਮੋਹ ਬਤਾਇਓ ਸੋ ਰਾਖੀ ਕਹਿ ਠਾਇ ॥ 83 ॥

ਗੀਆ ਮਾਲਤੀ ਛੰਦ :-

ਬੇਰਆਰ ਪੁਕਾਰਿਓ ਕਿਰਸ ਦੀਨ ਬਤਾਇ ਕੈ ॥
ਦਾਨ ਸਿੰਘ ਸਕੇਲ ਸਮਧਾ ਅਗਨ ਦੀਨ ਜਗਾਇਕੈ ॥
ਆਸਨੰ ਦਿਰੜ ਹੈ ਕਰਾ ਚੌਗਰਦ ਕੀਨ ਸੁ ਕਾਰ ਹੈ ॥
ਪ੍ਰਿਥਮ ਜਪਜੀ ਹੈ ਪੜਾ ਸੁਖਮਨੀ ਫਿਰ ਉਚਾਰ ਹੈ ॥ 84 ॥

ਨਿਸ ਪਰੀ ਆਇ ਨਿਸਾਚਰੀ
ਸਿਰ ਗਗਨ ਤਾਕੋ ਛਾਇਓ ॥
ਪਤਾਰ ਪਾਰ ਨਿਹਾ ਰਈ ਬੇ
ਰੰਗ ਸੁ ਉਵਾ ਕੋ ਗਾਇਓ ॥
ਦਿਰਗ ਲਾਲ ਭਾਲ ਕਰਾਲ
ਤਿਨ ਕੈ ਕੇਸ ਭੂਰੇ ਜਾਨਿਐ ॥
ਇਸ ਭਾਤਿ ਆਨ ਸੁ ਗਰ ਜਈ
ਜਿਮ ਬਿਜਲ ਅਬਰਨ ਮਾਨਿਐ ॥ 85 ॥

ਜਿਮ ਅਗਨ ਬੜਿਵਾ ਬਾਰਧੇ ਤਿਮ
ਬਦਨ ਬਮਤ ਸੁਲਾਟ ਈ ॥

Sri Satguru Jagjit Singh Ji eLibrary NamdhariElibrary@gmail.com

ਨਿਸ ਕਾਰ ਪਾਸ ਸੁ ਘੂਮ ਹੀ
ਨਹ ਜਾਇ ਅੰਤਰ ਬਾਟਈ ॥
ਜਬ ਚਹੈ ਨਾਖਲ ਕੀਰ ਜਾਵਹੁ
ਜਰੇਤਾ ਪਗ ਕੇਸ ਹੀ ॥
ਅਨਕ ਜਤਨ ਉਪਾਵ ਕੀਨੇ
ਚਲਾ ਨਹ ਕਛੁ ਪੇਸ ਹੀ ॥ 86 ॥

ਸਪਤ ਬੇਰੀ ਰੂਪ ਸਪਤੰ
ਧਾਰ ਕੈ ਵਹ ਆਵਹੀ ॥
ਬਿਨ ਹੁਕਮ ਨਿਕਟ ਨ ਪਹੁਚ
ਈ ਉਪਾਵ ਨਿਹਫਲ ਜਾਵ ਹੀ ॥
ਇਸੀ ਭਾਂਤ ਸਿਰਾਨ ਰਜਨੀ
ਪੋਰ ਜਬ ਹੀ ਹੋਇਓ ॥
ਕਰ ਜੋਰ ਸੀਸ ਨਿਵਾਇਕੈ
ਫਿਰ ਐਸ ਮੁਖ ਤੇ ਗੋਇਓ ॥ 87 ॥

ਅਬ ਤਲਕ ਜੀਵ ਨਾ ਜਾਤ
ਕੋਈ ਛਾਡਿਓ ਸੁਨੀ ਲੀਜਿਐ ॥
ਤੁਮ ਬਲੀ ਮੁਝ ਤੇ ਬਚ ਰਹੇ
ਨਹ ਰੋਮ ਇਕ ਤਵ ਛੀਜਿਐ ॥
ਕਲਾਮ ਗੁਰ ਕੀ ਮਾਹ ਸਕਤੀ
ਨਿਕਟ ਨਾਹ ਕੁਇ ਆਵ ਹੈ ॥
ਜਿਨ ਭੂਤ ਪਿਸ਼ਾਚ ਪਰੀ
ਪਰੇਤ, ਖੰਢ ਸੁ ਖਾਵ ਹੈ ॥ 88 ॥

ਦੇਵ ਦਾਨਵ ਆਹਿ ਜੇ ਤਕ
ਹੁਕਮ ਗੁਰ ਕਾ ਮਾਨ ਹੀ ॥
ਜਮ ਦੂਤ ਨਹ ਨਿਕਟਾਵ
ਹੀ ਮਨ ਆਪਨੇ ਭੈ ਮਾਨਿ ਹੀ ॥
ਕੋਟ ਬਿਘਨ ਬਿਨਾਸ ਹੋਵੈ
ਜਪੈ ਜੋ ਹਰਿ ਨਾਮ ਹੈ ॥
ਈਤ ਊਤ ਪਰ ਪ੍ਰਲੋਕ ਕੇਰ
ਸਬੀ ਸਵਰੈ ਕਾਮ ਹੈ ॥ 89 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਨਿਮਸਕਾਰ ਕਰ ਜੋਰ ਕੈ ਚਲੀ ਸੁ ਸੀਸ ਨਿਵਾਇ ॥
ਭਇਓ ਸੁ ਅਰਣ ਅਕਾਸ ਤਬ ਉਦਤ ਹੋਇ ਦਿਵਰਾਇ ॥ 90 ॥

ਚੌਪਈ :- ਚੜਤ ਭਇਓ ਦਿਨ ਮਨਿ ਅਕਾਸਾ ॥
ਨਉਕਾ ਲਗੀ ਆਨ ਤਿਹ ਪਾਸਾ ॥
ਆਪਸ ਬੀਚ ਬਾਤ ਤਿਨ ਕਹੀ ॥
ਨਿਸਮੈ ਸਾਧ ਬਸਾ ਇਹ ਮਹੀ ॥ 91 ॥

ਉਨਕੋ ਲੀਜੈ ਨਿਕਟ ਬੈਲਾਇ ॥
ਜੀਵਤ ਬਚਾਕਿ ਭੱਖਾ ਬਲਾਇ ॥
ਅਪ ਕਹਿਓ ਜੀਵਤਿ ਕਸ ਰਹਿਓ ॥
ਨਿਸਚਰਿ ਅਚਾ ਛਾਡ ਕਸ ਦਇਓ ॥ 92 ॥

ਬੋਲਤ ਭਇਓ ਤਬੇ ਬਿਰ ਆਰ ॥
ਜੇ ਤੁਮ ਬਚੇ ਤੋ ਬਚਨ ਸੁ ਧਾਰ ॥
ਜੇ ਕਰ ਜੀਵਤ ਬੋਲ਼ ਸੁ ਭਾਈ ॥
ਕੈ ਤੁਰ ਗਏ ਕੈ ਭਖੇ ਬਲਾਈ ॥ 93 ॥

ਉਨ ਕੀ ਸੁਨੀ ਸ ਜਬੈ ਅਵਾਜ ॥
ਤਿਨ ਕੋ ਅਸਤਬ ਦਇਓ ਜਬਾਬ ॥
ਹਮ ਬੈਠੇ ਰਾਜੀ ਇਹਾਂ ਜਾਨ ॥
ਸੁਨ ਤਿਨ ਵਾਕ ਸੁ ਲੀਨ ਪਛਾਨ ॥ 94 ॥

ਸਵੰਯਾ :- ਮਨ ਹੁਇ ਬਿਸਮਾਦ ਸੁ ਪੂਛਤ ਹੈ
ਤੁਮ ਕੈਸੇ ਬੈਲਾਇਤੈ ਬਾਚ ਰਹੈ ॥
ਤਬ ਭਾਈ ਜੀ ਉਤਰ ਦੇਤ ਤਿਨੈ ਧਰ
ਧਿਆਨ ਸੁ ਨਾਮ ਮੈ ਰਾਜ ਰਹੈ ॥
ਸਪਤ ਸੁ ਵਾਰ ਅਈ ਬਲ ਧਾਰ
ਕੈ ਨਾਹ ਉਪਾਵ ਸੁ ਪੇਸ ਗਹੇ ॥
ਤੁਰਨ ਸਮੈ ਅਸ ਬੋਲਤ ਭੀ ਸੁਈ
ਬਾਤ ਤੁਮ ਪਿਰਤ ਹੈ ਸੁ ਕਹੈ ॥ 95 ॥

ਦੋਹਰਾ :- ਕਈ ਬਰਸ ਮੁਝ ਹੈ ਭਏ ਇਹ ਨਾਂ ਕਰਤ ਨਿਵਾਸ ॥
ਜੀਵਤ ਜੰਤ ਨ ਛਾਡਿਓ ਸਭ ਮਾਰੇ ਦੇ ਤਰਾਸ ॥ 96 ॥

Sri Satguru Jagjit Singh Ji eLibrary NamdhariElibrary@gmail.com

ਅੜਿਲ :- ਮੁਝਕੋ ਤੁਮਰੇ ਪਾਸ ਬਡੋ ਭੈ ਆਵਈ ॥
ਜਲ ਭਏ ਸਭ ਅੰਗ ਨਿਕਟ ਜਬ ਜਾਵ ਹੀ ॥
ਕਾਰ ਪਾਸ ਜਬ ਅਈ ਸੁ ਲਾਗੀ ਆਗ ਹੈ ॥
ਹੌ ਭਇਉ ਤਰਾਸ ਮੁਹ ਰਿਦੇ ਗਈ ਤਬ ਭਾਗ ਹੈ ॥ 97 ॥

ਦੋਹਰਾ :- ਐਸ ਬਚਨ ਜਬ ਹੈ ਸੁਨੈ ਚਰਨੀ ਪਰੈ ਸੁ ਆਇ ॥
ਹਮ ਕੋ ਖਤਾ ਸੁ ਬਖਸੀਐ ਕੀਨੋ ਬਡੋ ਗੁਨਾਹ ॥ 96 ॥

ਚੰਪਈ :- ਸੁਖ ਸੰਜੁਗਤਿ ਆਏ ਚਲ ਧਾਮ ॥
ਖਾਰੇ ਮਹਿ ਕੀਨੋ ਬਿਸਰਾਮ ॥
ਏਕ ਸਮੇ ਕੀ ਸੁਨੋ ਸੁ ਬਾਤ ॥
ਸਭ ਜਗ ਭੀਤਰ ਹੈ ਬਿਖਿਯਾਤ ॥ 99 ॥

ਇਕਸ ਸਿਖ ਕੀਨੋ ਪ੍ਰਸਾਦਿ ॥
ਮਨ ਮਹਿ ਧਾਰ ਸੁ ਬਡੋ ਅਹਿਲਾਦ ॥
ਛਾਗ ਮਾਸ ਕੀਨੋ ਤਯਾਰ ਭਾਈ
ਜੀ ਕੀ ਰੁਚ ਅਨਸਾਰ ॥ 100 ॥

ਕਛਕ ਸਿਖ ਸੰਗ ਅਵਰ ਮਿਲਾਈ ॥
ਭੋਜਨ ਕਰਾ ਸੁ ਆਛ ਬਨਾਈ ॥
ਮਾਸ ਤਿਆਗਾ ਅਸ ਬਿਰਤ ਰਖੋ ॥ 101 ॥

ਅੜਿਲ :— ਸੁਨ ਕੈ ਸਿਖ ਕੇ ਵਾਕ ਭਾਈ ਜੀ ਭਾਖਿਓ ॥
ਕਹੀ ਸੁ ਸਾਚੀ ਗਾਥ ਕਪਟ ਨਹ ਰਾਖਿਓ ॥
ਜੇਕਰ ਤੁਮ ਨਹਾ ਅਚੋ ਮਾਸ ਮੁਹ ਦੀਜਿਐ ॥
ਹੌ ਤੁਮਕੋ ਦੇਵੋ ਪੈਸੇ ਮੁਝ ਤੇ ਲੀਜਿਐ ॥ 102 ॥

ਦੋਹਰਾ :- ਆਛੀ ਬਾਤ ਸੁ ਭਾਖ ਕੇ ਸਿਖ ਉਰ ਲਈ ਸੁਧਾਰ ॥
ਭਾਈ ਜੀ ਕੋ ਮਾਸ ਦੈ ਟਕੈ ਲੇਉ ਦੁਇ ਚਾਰ ॥ 103 ॥

ਗੀਆ ਮਾਲਤੀ ਛੰਦ :-

ਤਬ ਅਸਨ ਸਿਖ ਤਈ ਆਰ
ਕੀਨੋ ਬੇਨਤੀ ਮੁਖ ਗਾਇਕੈ ॥
ਪਵਿਤਰ ਸਦਨ ਸੁ ਹੋਇ
ਹਮਰੋ ਚਰਨ ਤੁਮਰੇ ਪਾਇਕੈ ॥

Sri Satguru Jagjit Singh Ji eLibrary NamdhariElibrary@gmail.com

ਜਿਸ ਧਾਮ ਨਾਮ ਨ ਹੋਇ
ਹਰ ਕੋ ਨਾਹ ਸੇਵ ਸੁ ਸਾਧ ਹੈ ॥
ਵਹ ਗ੍ਰਹ ਆਹ ਮਸਾਨ ਸਮ
ਬਸੈ ਭੂਤ ਪਰੇਤ ਉਪਾਧ ਹੈ ॥ 104 ॥

ਸੁਨ ਬਚਨ ਸਿਖ ਕੇ ਆਪ
ਆਪ ਆਏ ਬੈਠ ਭੋਜਨ ਸਾਲ ਹੀ ॥
ਚਰਨ ਧੋਇ ਚਰਨਾਮਤੰ ਲੇ
ਭਇਓ ਸਿਖ ਨਿਹਾਲ ਹੀ ॥
ਅਬਿ ਭਏ ਸੰਦਰ ਸੁ ਫਲ
ਮੇਰੇ ਸੁ ਫਲ ਸੰਪਤਿ ਜਾਨਿਐ ॥
ਸੁਫਲ ਆਹ ਸਨਬੰਧ ਸਗਰੋ
ਸੰਤ ਦਰਸਨ ਮਾਨਿਐ ॥ 105 ॥

ਦੋਹਰਾ :- ਮਹਾ ਪ੍ਰਸਾਦਿ ਕੋ ਪੂਰ ਕੇ ਆਗੈ ਧਰਾ ਸੁ ਥਾਲ ॥
ਏਹ ਛਕੋ ਪੁਨ ਅਵਰ ਲੇਹੁ ਅਸ ਬਚ ਕਹੈ ਰਸਾਲ ॥ 106 ॥

ਚੌਪਈ :- ਤਿਸ ਸਿਖ ਕੋ ਭਾਈ ਤਬ ਕਹਾ ॥
ਓਹ ਸਉਦਾ ਹਮਰੋ ਅਬ ਰਹਾ ॥
ਦੋਇ ਕਰ ਜੋਰ ਸੁ ਸਿਖ ਉਚਾਰੀ ॥
ਭਜਿਨ ਭੋਜਨ ਭਰ ਦਈ ਸੁ ਥਾਰੀ ॥ 107 ॥

ਗੀਆ ਮਾਲਤੀ ਛੰਦ :-

ਨਹ ਕਰੋ ਵਣਜ ਵਪਾਰ ਕੋ
ਸਦ ਸ਼ਬਦ ਮੈ ਤੁਮ ਪਰੀਤਿ ਹੈ ॥
ਅਬ ਭੋਜ ਆਗੇ ਜਬ ਧਰਾ
ਤੁਮ ਕਰੀ ਸਉਦੇ ਰੀਤ ਹੈ ॥
ਇਹੁ ਭੇਦ ਪ੍ਰਿਥਮ ਬਤਾਈਐ
ਭਰਮ ਹੋਇ ਹਮਰੋ ਦੂਰ ਹੀ ॥
ਫਿਰ ਅਚੋ ਜੇਤੀ ਰੁਚ ਅਹੈ
ਨਿਜ ਆਤਮੈ ਭਰਪੂਰ ਹੀ ॥ 108 ॥

ਚੌਪਈ :- ਤਬ ਭਾਈ ਜੀ ਸਿਖ ਪਿਰਤ ਭਾਖਾ ॥
ਨਾਹ ਅੰਤਰਾ ਰੰਚਕ ਰਾਖਾ ॥

Sri Satguru Jagjit Singh Ji eLibrary NamdhariElibrary@gmail.com

ਇਨ ਕਹਾ ਮੈ ਨਹੀਂ ਆਮਿਖ ਭਖੋ ॥
ਧਰਾ ਨੇਮ ਅਸ ਬਿਰਤ ਸੁ ਰਖੋ ॥ 109 ॥

ਦੋਹਰਾ :- ਜਬ ਤੁਮ ਮੋ ਪਰਤ ਅਸ ਕਹਾ ਅਵਰ ਮਾਸ ਬਹੁ ਲੇਹੁ ॥
ਤਬ ਮਮ ਇਨ ਪਿਰਤ ਭਾਖਿਓ ਸਉਦਾ ਰਹਾ ਸੁ ਏਹੁ ॥

ਚੌਪਈ :- ਸੁਨ ਕਰ ਸੰਤ ਸਿਖ ਸਭ ਬਿਗਸੇ ॥
ਐਸੇ ਬਚਨ ਰਸਨ ਤੇ ਨਿਕਸੇ ॥
ਧੰਨ ਧੰਨ ਭਾਈ ਸਚਿਆਰਾ ॥
ਜਿਨ ਨਹ ਕਪਟ ਸੁ ਮਨਹਿ ਵਿਚਾਰਾ ॥ 111 ॥

ਦੋਹਰਾ :- ਇਹੁ ਪ੍ਰਸੰਗ ਪੂਰਨ ਭਇਓ ਕੁਛ ਕਥ ਸੁਨੋ ਸੁ ਅਵਰ ॥
ਮਨ ਮੈ ਸੰਗ ਨ ਕਛ ਕਰੋ ਚਿਤ ਰਾਖੇ ਇਕ ਠੌਰ ॥ 112 ॥

ਏਕ ਫੇਰ ਚਲ ਕਰ ਗਏ ਖਾਰੇ ॥
ਮਿਲਤ ਭਏ ਅਪਨੇ ਪਰਵਾਰੋ ॥
ਆਗੇ ਮਿਰਗ ਕਾ ਖੇਲ ਸ਼ਿਕਾਰ ॥
ਬੈਠ ਸੁ ਦਵਾਰ ਤਸਬੀ ਧਾਰ ॥ 113 ॥

ਦਾਨ ਸਿੰਘ ਜਬ ਹੀ ਤਿਨ ਹੇਰਾ ॥
ਲੀਓ ਦੁਰਾਇ ਮਾਸ ਤਿਨ ਕੇਰਾ ॥
ਦਾਨ ਸਿੰਘ ਕੋ ਦੇਖ ਸੁ ਕਹੇ ।
ਸਭ ਇਹੁ ਭਖੇ ਰੰਚ ਨ ਰਹੈ ॥ 114 ॥

ਦਾਨ ਸਿੰਘ ਤਬਿ ਮਨਿਹਿ ਬਿਚਾਰਾ ॥
ਹਮਰੋ ਆਦਰ ਨਹ ਇਨ ਕਰਾ ॥
ਭਇਓ ਰੋਖ ਮਨ ਮੈ ਤਹਿ ਭਾਰੀ ॥
ਤਿਨ ਕੋ ਨਿਕਟ ਨ ਗਏ ਸੁ ਧਾਰੀ ॥ 115 ॥

ਆਨ ਬਸੇ ਕੋ ਸੋ ਕੇ ਧਾਮ ॥
ਬਡ ਆਦਰ ਕੀਨੋ ਬਿਸਰਾਮ ॥
ਦੂਸਰ ਦਿਨ ਆਏ ਚਲ ਸਦਨ ॥
ਦਿਰਗ ਜਲ ਸਰਵ
ਬਿਲਖਤ ਭਏ ਬਚਨ ॥ 116 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਮਨ ਧਰਾ ਬਡ ਅਮਸੋਸ ਕੋ
ਨਹ ਸਕੇ ਮੁਖੋ ਉਚਾਰਕੇ ॥
ਕਿਨ ਪੂਛਿਓ ਬਿਲਖਤੇ
ਕਹੁ ਸਾਚ ਆਪ ਸੁਧਾਰਿਕੈ ॥
ਤਬ ਕਹਾ ਤਿਨੈ ਪਰਤ
ਇਹੁ ਬਾਤ ਸੁਨ ਕਰ ਲੀਜਿਐ ॥
ਇਕ ਪਰਾਤ ਲਾਇ ਕਥਾ ਬਡੋ
ਵਹੁ ਮੁਇਓ ਸਾਚ ਪਤੀਜਿਐ ॥ 117 ॥

ਅੜਿਲ:- ਐਸੇ ਬਚਨ ਸੁ ਜਬ ਹੀ ਮੁਖੋ ਉਚਾਰਿਆ ॥
ਭਇਓ ਸੂਲ ਤਤਕਾਲ ਨ ਜਾਇ ਸੰਭਾਰਿਆ ॥
ਫੁਟਾ ਪੈਟ ਤਤਕਾਲ ਮੁਆ ਤਿਸ ਕਾਲ ਹੀ ॥
ਹੋ ਬੀਰ ਬਲ ਤਿਸਨਾਮ ਸਦਨ ਗਇ ਕਾਲਹੀ ॥ 118 ॥

ਪਾਈ ਚਾਰੇ ਬੀਚ ਬਾਤ ਸਬ ਜਾਨਿਐ ॥
ਉਚ ਨੀਚ ਕੇ ਮਾਰ ਪ੍ਰਸਿਧ ਪਛਾਨਿਐ ॥
ਅੰਤ ਸਮੇ ਕੀ ਸਾਖੀ ਤੁਮ ਪਿਰਤ ਭਾਖਿਓ ॥
ਹੋ ਸੁਨੇ ਸਰਵਣ ਧਰ ਸਿਖ ਬਿਰਤ ਤਿਹ ਰਾਖਿਓ ॥ 119 ॥

ਸਵੈਯਾ :- ਜਬ ਆਵਤ ਅੰਤ ਅਵਸਥ ਭਈ ਤਬ
ਭਜਨ ਪਰਤਾਪ ਲਖਤ ਭਏ ਭਾਈ ॥
ਤਿਆਰ ਭਏ ਸੰਗ ਸੰਗਤਿ ਲੇ ਕਰ
ਅੰਮਿਰਤਸਰ ਕੀ ਬਿਉਤ ਬਨਾਈ ॥
ਤੁਰੰਗ ਅਨੇਕ ਸੁ ਤਿਆਗ ਦਏ ਇਕ
ਜਠਰ ਲਇਓ ਤਿਨ ਸੰਗ ਮਿਲਾਈ ॥
ਦੋ ਕਰ ਜੋਰ ਸੁ ਸੰਗਤਿ ਪੂਛਤ
ਦੁਰਬਲ ਦੀਨ ਬਡੋ ਇਹੁ ਆਈ ॥ 120 ॥

ਸਰੀਰ ਅਹੈ ਤੁਮਰੋ ਬਲਵਾਨ
ਅਰੋਗ ਨਿਹਾਰਤ ਹੈ ਸਭ ਕੋਈ ॥
ਤੁਰੰਗ ਨ ਭਾਰ ਸਹਾਰ ਸਕੈ ਕਹੁ
ਕੈਸ ਨਿਰਬਾਹ ਕਰੈ ਇਹੁ ਸੋਈ ॥

Sri Satguru Jagjit Singh Ji eLibrary NamdhariElibrary@gmail.com

ਅਵਰ ਕੋ ਤਿਆਂਗ ਕਰੋ ਕਿਮ ਕਾਰਨ
ਬਾਤ ਬਖਾਨ ਸੁ ਨਾਵੋ ਸੋ ਮੋਈ ॥
ਤਬ ਭਾਈ ਜੀ ਉਤਰ ਦੇਤ ਭਏ ਸੁਨੋ
ਸੰਤ ਵਿਰਤੰਤ ਸੁ ਨਾਵ ਹੁ ਤੋਈ ॥ 121 ॥

ਦੋਹਰਾ :- ਜੇ ਸੰਗੀ ਦਰਗਾਹ ਮੈ ਹਮਰੋ ਆਗੇ ਹੋਇ ॥
ਸੋ ਬਾਹਨ ਮੁਝ ਚਾਹੀਏ ਜਾਨ ਲੇਹੁ ਸਭ ਕੋਇ ॥ 122 ॥

ਗੀਆ ਮਾਲਤੀ ਛੰਦ :—

ਚਲ ਆਏ ਅੰਮ੍ਰਿਤਸਰ ਸਬੀ ਜਬਿ
ਦਿਵਸ ਮੇਲਾ ਆਇਓ ॥
ਪ੍ਰਿਥਮ ਆ ਸਿ ਕੀਨ ਮੰਜਕ
ਤੁਰੰਗ ਫੇਰ ਨਵਾਇਓ ॥
ਕਰ ਪ੍ਰਸਾਦ ਕੜਾ ਗੁਰ
ਕੋ ਭੇਟ ਦੈ ਦਰਬਾਰ ਕੀ ॥
ਤੁਰੰਗ ਸਹਿਤ ਸੁ ਆਏ
ਡੇਰੇ ਧਿਆਨ ਉਰ ਮੈ ਧਾਰ ਕੀ ॥ 122 ॥

ਤਿਆਗ ਦੀਨੀ ਦੇਹ ਦੋਨੋ
ਗਏ ਗੁਰ ਕੋ ਲੋਗ ਹੀ ॥
ਸਭ ਦੇਖ ਕੌਤਕ ਭਏ
ਬਿਸਮੈ ਮਿਟੈ ਤਿਨਕੈ ਸੋਕ ਹੀ ॥
ਇਸ ਭਾਂਤ ਤਿਆਗ ਸਰੀਰ
ਕੀਨਾ ਮੁਕਤ ਪਦਵੀ ਪਾਇਕੈ ॥
ਪ੍ਰਸੰਗ ਪੂਰਨ ਹੈ ਭਇਓ ਦਇਉ
ਸੰਗਤਿ ਪਿਰਤ ਗਾਇ ਕੈ ॥ 124 ॥

ਚੌਪਈ :- ਜਾ ਬਿਧ ਗਾਥ ਭਵਨ ਕੀ ਸੁਨੀ ॥
ਸੋ ਈਹਾਂ ਲਿਖੀ ਹੀ ਬਡ ਗਿਨੀ ॥
ਆਗੈ ਕਥਾ ਅਵਰ ਸੁਨ ਲੀਜੈ ॥
ਭਾਵਨ ਧਾਰ ਚਿਤ ਬਿਰਤ ਕੀਜੈ ॥ 125 ॥

Sri Satguru Jagjit Singh Ji eLibrary NamdhariElibrary@gmail.com

ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ ॥
ਹਿਰਦੈ ਧਾਰੋ ਸ੍ਰੀ ਕਰਤਾਰ ॥
ਏਕ ਬਾਰ ਸ੍ਰੀ ਗੁਰ ਮੁਖ ਕਹੈ ॥
ਜਨਮ ਜਨਮ ਕੇ ਪਾਤਕ ਦਹੈ ॥ 126 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼ ਭਾਈ
ਦਾਨ ਸਿੰਘ ਪ੍ਰਸੰਗ ਵਰਨਨੰ ਨਾਮ ਜੋਤਾ
ਨਮੋ ਧਿਆਵਿ ਸਮਾਪਤੰ ਮਸਤ ਸੁਭਮਸਤ ॥ 44 ॥

—0—

Sri Satguru Jagjit Singh Ji eLibrary NamdhariElibrary@gmail.com

ਪੰਜਤਾਲੀਵਾਂ ਧਿਆਵ

ਅਛਜੂ :-

ਦੋਹਰਾ :- ਸ੍ਰੀ ਗੁਰ ਚਰਨ ਪਖੋਜ ਕੀ ਲੇ ਪਰਾਗ ਉਰਧਾਰ ॥
ਉਘਰੈ ਬਿਮਲ ਬਿਲੋਚਨੰ ਗੁਰ ਜਸ ਲਿਖੋ ਵਿਚਾਰ ॥ 1 ॥

ਗੋਲਾ ਸਿੰਘ ਕੀ ਸਾਖ ਸੁਨ ਹੀਏ ਧਾਰ ਕੈ ਪਰੇਮ ॥
ਅਤਿ ਪਵਿਤਰ ਸੁਖ ਦਾਇਨ ਸਰਵਣ ਧਾਰ ਧਰ ਨੇਮ ॥ 2 ॥

ਚੌਪਈ :- ਗੋਲਾ ਸਿੰਘ ਕੇ ਗ੍ਰਿਹ ਭਇਓ ਪੂਤ ॥
ਸੰਸਾਰ ਸਨਬੰਧ ਭਇਉ ਭਲ ਸੂਤ ॥
ਖੇਲਤ ਭਏ ਬਾਲ ਕੇ ਸੰਗ ॥
ਏਕ ਦਿਵਸ ਅਸਬਲਾ ਕੁਢੰਗ ॥ 3 ॥

ਹੋਨ ਹਾਰ ਜੈਸੀ ਬਨ ਆਇ ॥
ਤੈਸੇ ਹੀ ਬਿਧ ਕਰੈ ਸਹਾਇ ॥
ਖੁੰਡੀ ਗੋਦ ਖੇਲਤ ਭਏ ਬਾਲ ॥
ਐਸੋ ਕਤਬ ਕਰਾ ਖਿਆਲ ॥ 4 ॥

ਗੀਆ ਮਾਲਤੀ ਛੰਦ :-

ਦਿਵਸ ਏਕ ਅਸ ਭਇਉ
ਕੌਤਕ ਸੁਨੋ ਤਿਨ ਕੀ ਬਾਤ ਹੀ ॥
ਲਿਉ ਖੁਦੋ ਖੋਸ ਬਾਲ ਨ
ਦਿਉ ਨਿਜ ਕਰਮਾਤ ਹੀ ॥
ਕਿਸੀ ਕੋ ਇਹੁ ਨਹੀ ਦੇਨਾ
ਕਹੋ ਜਨਨੀ ਤੋਹ ਕੋ ॥

Sri Satguru Jagjit Singh Ji eLibrary NamdhariElibrary@gmail.com

ਜਤਨ ਅਨਕ ਜੇ ਆਨ ਕਰ
ਹੈ ਰਾਖਿਏ ਹਿਤ ਮੋਹ ਕੋ ॥ 5 ॥

ਸਬੀ ਮਿਲ ਕਰ ਅਏ
ਲੜਕੇ ਜਹਾਂ ਮਾਤਾ ਤਾਸ ਹੀ ॥
ਫਰਿਯਾਦ ਆਨ ਸੁਹੈ ਕਰੀ
ਬਡ ਜਤਨ ਜਨਨੀ ਪਾਸ ਹੀ ॥
ਇਹ ਨਖੋਜ ਖੁਦੋ ਲਇਆ
ਮੁਝ ਤੇ ਅਏ ਗ੍ਰਿਹ ਕੋ ਭਾਜ ਕੈ ॥
ਅਬ ਗੋਂਦ ਮਾਤਾ ਦੀਜਿਐ ਇਹ
ਨਹੀ ਤੁਮਰੈ ਕਾਜ ਕੈ ॥ 6 ॥

ਦੋਹਰਾ :- ਬਹੁਤਾ ਜਤਨ ਤਿਨ ਹੈ ਕਰੈ ਨਹਾ ਗੋਂਦ ਕੋ ਦੀਨ ॥
ਗੋਲਾ ਸਿੰਘ ਪਿਰਤ ਫਿਰ ਗਏ ਕਹੇ ਸੁ ਬਚਨ ਅਧੀਨ ॥ 7 ॥

ਚੌਪਈ :- ਭਾਈ ਜੀ ਤੁਮਰੇ ਜੋ ਪਤ ॥
ਖੁਦੋ ਹਰਾ ਇਨ ਕਰਾ ਕਸੂਤ ॥
ਹਮ ਤੇ ਖੋਸ ਮਾਤ ਕੋ ਦੀਨਾ ॥
ਹਮ ਮੰਗ ਰਹੈ ਨਾਹਿ ਕਹੈ ਲੀਨਾ ॥

ਤੁਮਰੇ ਪਾਸ ਕਰੀ ਫਰਿਆਦਿ ॥
ਗੋਂਦ ਦਿਵਾਵੋ ਸੁਨੋ ਸੁ ਦਾਦ ॥
ਤਬ ਭਾਈ ਜੀ ਭਾਖਾ ਏਹੁ ॥
ਇਨ ਬਾਲਨ ਕੋ ਖੁਦੋ ਦੇਹੁ ॥ 9 ॥

ਮਾਤਾ ਸੁਤ ਕੋ ਮੋਹ ਸੁਧਾਰ ॥
ਮਿਥਿਆ ਤਨ ਪਿਰਤ ਕਹਾ ਉਚਾਰ ॥
ਮੇਰੇ ਪਾਸ ਨਹੀ ਇਹੁ ਲਿਆਇ ॥
ਕਿਆ ਜਾਨੋ ਕਹ ਜਾ ਧਰ ਆਏ ॥ 10 ॥

ਕਰ ਰਹੈ ਜਤਨ ਤਿਨੇ ਨਹੀ ਦੀਨੋ ॥
ਬਾਲਨ ਪਿਰਤ ਜਬਾਬ ਕਹ ਕੀਨੋ ॥
ਫਿਰ ਬਾਲਕ ਆਏ ਜਿਹ ਭਾਈ ॥
ਤਿਨ ਪਿਰਤ ਬਿਰਥਾ ਭਾਖ ਸੁਨਾਈ ॥ 11 ॥

Sri Satguru Jagjit Singh Ji eLibrary NamdhariElibrary@gmail.com

ਤੁਮਰੇ ਸੁਤ ਹਮਰੋ ਹਰਾ
ਖੇਨੂੰ ਦੇਤ ਨ ਮੋਹ ॥
ਜਨਨੀ ਪਿਰਤ ਤਿਨ ਹੈ ਧਸ਼ਾ
ਵਹ ਨਹ ਮਾਨਤ ਸੋਇ ॥ 12 ॥

ਅੜਿਲ :- ਭਾਈ ਜੀ ਗ੍ਰਿਹ ਆਇ ਬਚਨ ਅਸ ਭਾਖਿਓ ॥
ਗੋਂਦ ਸੁ ਇਨ ਪਰਤ ਦੇਹੁ ਖੋਸ ਕਿਵ ਰਾਖਿਓ ॥
ਘਰਨੀ ਅਸ ਬਚ ਕਹੈ ਮੋਹ ਨਹ ਸਾਰ ਹੈ ॥
ਝੂਠੋ ਬਚਨ ਸੁ ਭਾਖਨ ਕਹਾ ਵਿਚਾਰ ਹੈ ॥ 13 ॥

ਫੇਰ ਭਾਈ ਜੀ ਕਹਾ ਗੋਂਦ ਇਨ ਦੀਜਿਐ ॥
ਮਾਂਗਤ ਬਾਰੰਗ ਬਾਰ ਡੇਰ ਨਹ ਕੀਜਿਐ ॥
ਘਰਨੀ ਸੁਨ ਕੈ ਐਸੇ ਕਹਾ ਉਚਾਰ ਹੈ ॥
ਹੋ ਹਮ ਕੋ ਨਹ ਇਨ ਦਇਉ ਨਾਹ ਕਵ ਸਾਰਿ ਹੈ ॥ 14 ॥

ਦੋਹਰਾ :- ਭਾਈ ਜੀ ਫਿਰ ਕਹਾ ਮਾਨੇ ਬਚਨ ਨ ਤਾਸ ।
ਖਾਇ ਤਮਕ ਅਸ ਭਾਖਿਉ ਸੁਤਨ ਸਹਿਤ ਤਵ ਨਾਸ ॥ 15 ॥

ਗੀਆ ਮਾਲਤੀ ਛੰਦ :-

ਨਹ ਤਾਤ ਤੁਮਰੇ ਰਹੈ ਗੇ
ਨਹ ਰਹੈ ਤੂੰ ਹਤਿਆਰਿਐ ॥
ਕਰ ਕਰੋੜ ਅਸ ਬਚ ਭਾਖਿਓ
ਮਿਰਤ ਹੋਇ ਤੁਮ ਜੀਅ ਧਾਰਿਐ ॥
ਸਾਧ ਬਚਨ ਨਾ ਜਾਇ ਬਿਰਥਾ
ਕਹੈ ਸਹਿਜ ਸੁਭਾਵ ਹੀ ॥
ਅਮੋਘ ਬਾਨ ਰਘਨਾਥ ਜਿਵ
ਨਹ ਖਤਾ ਕਬਜੂੰ ਜਾਵ ਹੀ ॥ 16 ॥

ਕਛ ਅਲਪ ਦਿਵਸ ਬਤੀਤ
ਭਏ ਮੂਏ ਜਨਨੀ ਪੂਤ ਹੀ ॥
ਬਚਨ ਸ਼ਕਤੀ ਜਾਨਿਐ ਰਹੁ
ਮਾਹ ਕੀਨ ਕਸੂਤ ਹੀ ॥
ਮਿਲ ਬੈਠ ਕੀਨ ਬਿਚਾਰ ਸਭ
ਕਹੂੰ ਅੰਸ ਬਿਨ ਭੈ ਜਾਨਿਐ ॥

Sri Satguru Jagjit Singh Ji eLibrary NamdhariElibrary@gmail.com

ਜਗ ਸਾਂਝ ਨਹ ਕਛ ਰਹੀ ਮੂਲ
ਕੀ ਮਲ ਵੰਸ ਭਇਉ ਮਾਨਿਐ ॥ 17 ॥

ਦੋਹਰਾ :- ਸੁਤ ਬਿਨ ਜਗਤਿ ਨ ਸਾਂਝ ਕਛ ਨਹ ਪਾਵੈ ਪਰਲੋਗ ॥
ਨਿਗ ਮਾਗਮ ਪੁਰਾਣ ਸਭ ਕਹਤ ਸਿਆਨੇ ਲੋਗ ॥ 18 ॥

ਚੌਪਈ :- ਸਭ ਹਨ ਮਿਲ ਕਰ ਕੀਨ ਬਿਚਾਰਾ ॥
ਗੋਲਾ ਸੰਘ ਪਿਰਤ ਕਹਾ ਸੁਧਾਰਾ ॥
ਧਰਮ ਸਾਸਤਰ ਕੀ ਰੀਤ ਸੁਨਾਈ ॥
ਸ੍ਰੀ ਗੁਰ ਗ੍ਰਹਸਤ ਸਲਾਹਿਆ ਭਾਈ ॥ 19 ॥

ਸਭ ਪਰਵਾਰ ਮਿਲ ਕਰੀ ਸਲਾਹ ॥
ਜਿਵ ਕਿਵ ਕਹਿ ਕਹਿ ਕਰਾ ਵਿਆਹ ॥
ਉਭੈ ਹੇਤ ਭਈ ਸੁਤਾ ਸੁ ਧਾਮ ॥
ਗੋਲਾ ਲਛਮੀ ਤਿਨ ਕੋ ਨਾਮ ॥ 20 ॥

ਬਿਰਧ ਅਵਸਤਾ ਤਿਨਕੀ ਭਾਈ ॥
ਅਨੰਦ ਪੁਰ ਕੀ ਇਛਾ ਕਈ ॥
ਸੰਗਤਿ ਸਿੰਘ "ਬਖੂ" ਕੋ ਤਾਤ ॥
ਚਾਚੇ ਕਾ ਸੁਤ ਜਾਨੋ ਭਗਤ ॥
ਦਸਵ ਗੁਰੂ ਕੇ ਰਹੈ ਹਜੂਰ ॥
ਤਾ ਪਿਰ ਭਾਖੀ ਕਥਾ ਸੁ ਪੂਰ ॥
ਹਮਰੀ ਅਰਜ ਕਰੋ ਗੁਰ ਪਾਸ ॥
ਸਧ ਹਮਰੇ ਕਾਰਜ ਹੋਇ ਰਾਸ ॥ 22 ॥

ਦੋਹਰਾ :- ਬਿਨ ਸੰਤਤ ਜਗ ਸਾਂਝ ਨਹ ਸਵਰਗ ਬੀਚ ਨ ਬਾਸਾ ॥
ਪਿਰਤ ਲੋਕ ਤੇ ਪਿਤਰ ਗਿਰ ਰਵਿ ਸੁਤ ਪੁਰੀ ਨਿਵਾਸ ॥ 23 ॥

ਸੋਰਠਾ :- ਜਿਨ ਕੇ ਨਿਹ ਸੰਤਾਨ ਦੇਵ ਪੁਰ ਨਹ ਪਾਵਿਈ ॥
ਜਗਤ ਕਾਰ ਦਿਰਸਟਾਨ ਭਾਰਥ ਮਧ ਬਖਾਨਿਐ ॥ 24 ॥

ਸਤਿਗੁਰ ਦਏ ਮਿਟਾਇ ਬਿਧਨ ਲਿਖੈ ਕੋ ਲੇਖ ਜੋ ॥
ਸਾਧੂ ਹੋਇ ਸਹਾਇ ਜਬ ਤਈ ਸਗਤੀ ਮਿਟ ਜਾਵਈ ॥ 25 ॥

ਦੋਹਰਾ :- ਸੰਗਤਿ ਸਿੰਘ ਮਨ ਆਪਨੇ ਕਰਤ ਸੁ ਭਇਉ ਬਿਚਾਰ ॥
ਸੁਭ ਘੜੀ ਨਿਛਤਰ ਸੁਭ ਲਖ ਗਏ ਸੁ ਗੁਰ ਦਰਬਾਰ ॥ 26 ॥

Sri Satguru Jagjit Singh Ji eLibrary NamdhariElibrary@gmail.com

ਤੋਟਕ ਛਦ :- ਗੁਰ ਕੇ ਢਿਗ ਜਾਇ ਸੁ ਭੇਟ ਧਰੀ ॥
ਕਰ ਜੋਰ ਉਭੈ ਤਿਨ ਬਾਤ ਰਰੀ ॥
ਹਮਰੋ ਇਹ ਭਰਾਤ ਦਇਆਲ ਅਹੈ ॥
ਬਿਨਤੀ ਢਿਗ ਆਪ ਕੈ ਐਸ ਕਹੈ ॥ 27 ॥

ਇਨ ਉਪਰ ਆਪ ਕਿਰਪਾ ਸੋ ਕਰੋ ॥
ਸੁਤ ਧਾਮ ਦਿਜੈ ਮੁਖ ਤੇ ਸੁ ਹਰੋ ॥
ਗੁਰ ਦੀਨਨ ਦੇਖ ਦਿਆਲ ਭਏ ॥
ਮੁਖ ਆਪਨ ਤੇ ਅਸਵਾਕ ਕਹੈ ॥ 28 ॥

ਦੋਹਰਾ ;- ਹੇ ਸਿਖ ਨਿਸਚੈ ਜਾਨਿਉ ਸੁਤ ਨਿਪਜੈ ਤਵ ਧਾਮ ॥
ਸੰਗਤਿ ਸਿੰਘ ਗੁਰ ਪਿਰਤ ਕਹਾ ਰਸਨ ਬਖਾਨੋ ਨਾਮ ॥ 29 ॥

ਚੌਪਈ :- ਦਸਮ ਗੁਰੂ ਮੁਖ ਬਚਨ ਉਚਾਰਾ ॥
ਗੁਰ ਸਹਾਇ ਸਿੰਘ ਨਾਮ ਸੁ ਧਾਰਾ ॥
ਐਸੇ ਨਾਮ ਗੁਰੂ ਜਬਿ ਰਹਿਉ ॥
ਅਤਿ ਹੁਲਾਸ ਸੁਨ ਮਨਮੈ ਲਹਿਉ ॥

ਐਸ ਅਨਾਇਤ ਗੁਰ ਤੇ ਪਾਈ ॥
ਗ੍ਰਿਹ ਆਏ ਮਨ ਮੋਦ ਬਢਾਈ ॥
ਆਇ ਬਾਤ ਤਿਨ ਕਹੀ ਸੁ ਧਾਮ ॥
ਸੁਖ ਪਾਇਉ ਸੁਨ ਕਰ ਤਬ ਭਾਮ ॥ 31 ॥

ਚੋਹਰਾ :- ਸਮਾ ਪਾਇ ਨਿਪਜਤ ਭਇਉ ਗੋਲਾ ਸਿੰਘ ਕੇ ਪੂਤ ॥
ਨਿਕਟ ਪਰੋਸਨ ਕਹਿ ਉਠੀ ਅਤਿ ਬੀ ਬਨਾ ਕਸੂਤ ॥ 32 ॥

ਚੌਪਈ :- ਤੁਮ ਕਹਿ ਤੇ ਸੇ ਨਿਪਜੈ ਬਤਾਤ ॥
ਉਪਜੀ ਕੰਨਿਆ ਜਗ ਬਿਖਿਯਾਤ ॥
ਸੁਨ ਕਰ ਤਿਨ ਕੋ ਉਤਰ ਦੀਨੋ ॥
ਭੋਂਦੂ ਨਾਰ ਪੁਤਰ ਹੀ ਚੀਨੋ ॥ 33 ॥

ਗੁਰ ਬਚਨਨ ਤੇ ਮੁਝ ਪਰਤੀਤ ॥
ਤੁਝ ਕਿਵ ਝੂਠ ਬਖਾਨੀ ਰੀਤ ॥
ਹਸ ਕਰ ਬੋਲੀ ਤਬ ਵਹੇ ਨਾਰੀ ॥
ਭਇਉ ਪੂਤ ਸੁਭ ਮਤਿ ਸੁਖ ਸਾਰੀ ॥ 34 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਭਿੰਨ ਭਿੰਨ ਜੋਕਰ ਕਹੋ ਤਿਨਕੇ ਚਰਤ ਅਪਾਰ ॥
ਤਬ ਇਨ ਬਾਤ ਨਾਤੇ ਬਢੇ ਬਡ ਪੁਸਤਕ ਬਿਸਥਾਰ ॥ 35 ॥

ਦੋਹਰਾ :- ਭਾਈ ਜੀ ਕੀ ਕੁਲ ਬਿਖੈ ਭਏ ਸਿਖ ਸੁਰ ਗਿਆਨ ॥
ਸਨੋ ਕਥਾ ਅਬ ਤਿਨੋ ਕੀ ਸਰਵਣ ਧਾਰ ਹੀਏ ਧਿਆਨ ॥ 36 ॥

ਚੌਪਈ :- ਭਾਈ ਬੰਨੋ ਜੀ ਕਾ ਪੂਤ ॥
"ਮਲ" ਨਾਮ ਤਹ ਬਡੋ ਸਪੂਤ ॥
ਤਿਨ ਕੇ ਧਾਮ ਭਏ ਕੈ ਤਾਤ ॥
ਦਾਨ ਸਿੰਘ, ਜਗਤਿ ਬਿਖਿਜਾਤ ॥ 37 ॥

ਵਸਾਊ ਸਿੰਘ, ਗੋਲਾ ਸਿੰਘ ਜਾਨ ॥
ਇਹੁ ਤੀਨੋ ਜਗ ਕਰੇ ਬਖਾਨ ॥
ਤਿਨ ਕੀ ਕਥਾ ਧਾਰ ਮਨ ਭਾਵ ॥
ਸੁਨੋ ਸਿਖ ਚਿਤ ਚੈਰਾਨ ਚਾਵ ॥ 38 ॥

ਗੋਲਾ ਸਿੰਘ ਅਸਬਾਤ ਬਿਚਾਰੀ ॥
ਵਸਾਊ ਸਿੰਘ ਪਿਰਤ ਪ੍ਰਗਟ ਉਚਾਰੀ ॥
ਦੇਸ ਗਾਂਵ ਸੰਗਤਿ ਹੈ ਜੇਤੀ ॥
ਹੀਏ ਧਾਰ ਭਾਵਨ ਸੁ ਤੇਤੀ ॥ 39 ॥

ਚਲਿ ਦਰਸਨ ਉਨ ਕੋ ਅਬਦੀਜੈ ॥
ਜਨਮ ਸਫਲ ਤਿਨ ਕਾ ਚਲਿ ਕੀਜੈ ॥
ਕੋਊ ਦਿਨ ਚਲ ਕਰੋ ਸੁ ਮੇਲ ॥
ਸਿਖ ਸੰਗਤਿ ਸੰਗ ਹੋਇ ਸੁ ਮੇਲ ॥ 40 ॥

ਦੋਹਰਾ :- ਸੁਨੀ ਬਾਤ ਜਬ ਭਗਤ ਕੀ ਸਤਿ ਬਚਨ ਤਿਨ ਕੀਨ ॥
ਜੋ ਆਗਿਆ ਹੈ ਆਪ ਕੀ ਸੀਸ ਧਾਰ ਕਰ ਲੀਨ ॥

ਅੜਿਲ :- ਕਰ ਅਰਦਾਸ ਹਥ ਜੋੜ ਚਲੇ ਤਜ ਧਾਮ ਕੋ ॥
ਜਿਹ ਜਿਹ ਸਿਖ ਧਰ ਭਾਵ ਅਏ ਤਿਹ ਗਰਾਮ ਕੋ ॥
ਕਰਾ ਸੈਲ ਸਭ ਦੇਸ ਪੁਰੀ ਮਨ ਆਸ ਹੀ ॥
ਹੋ ਗੁਰ ਕੋ ਚਲੀਐ ਤਾਤ ਕਹਿਉ ਤਿਨ ਪਾਸ ਹੀ ॥ 42 ॥

ਦੋਹਰਾ :- ਦੋਨੋ ਕਰੀ ਸਲਾਹ ਮਿਲ ਆਵਤ ਭਏ ਸੁ ਧਾਮ ॥
ਮਾਰਗ ਮੈ ਭਾਵੀ ਭਈ ਤਿਨ ਕੀਨੋ ਇਹੁ ਕਾਮ ॥ 46 ॥

Sri Satguru Jagjit Singh Ji eLibrary NamdhariElibrary@gmail.com

ਬਿਧ ਕੀ ਬਿਧ ਪਰਬਲ ਬਡੀ ਵਸ ਕੀਨੇ ਤਰੈ ਲੋਇ ॥
ਰਾਮ ਕਿਰਸ਼ਨ ਜੋਤੇ ਜਿਨੇ ਸੁਰ ਸੁਰਪਤਿ ਸਭਿ ਕੋਇ ॥ 44 ॥

ਚੌਪਈ :- ਮਾਰਗ ਮੈ ਦੋਨੇ ਚਲਿ ਆਏ ॥
ਨਿਵੜ ਛਾਵ ਨਿਰਖੀ ਮਨ ਭਾਇ ॥
ਆਪਸ ਮੈ ਤਿਨ ਕੀਨ ਵਚਾਰਾ ॥
ਕਰੈ ਅਰਾਮ ਛਾਮ ਸੁਖ ਸਾਰਾ ॥
ਜੋ ਜਨ ਬੀਚ ਨਗਰ ਨਹ ਕੋਈ ॥
ਗਹਿਬਰ ਬਨ ਨਿਰਜਨ ਅਹਿ ਸੋਈ ॥
ਕਛੁ ਕਾਲ ਤਹ ਕਰਾ ਆਰਾਮ ॥
ਅਤਿ ਭੂਤ ਭਾਵੀ ਗਤਿ ਅਭਿ ਰਾਮ ॥ 46 ॥

ਵਸਾਊ ਸਿੰਘ ਜਾਗਤਿ ਭਇਉ ਜਬੇ ॥
ਗੋਲਾ ਸਿੰਘ ਬੁਲਾਇਉ ਤਬੈ ॥
ਗੋਲਾ ਸਿੰਘ ਤੂ ਸਨੀ ਰਹਾ ॥
ਕਛੁ ਬਚਨ ਮੁਖ ਤੇ ਨਹ ਕਹਾ ॥ 47 ॥

ਦੋਹਰਾ :- ਵਸਾਊ ਸਿੰਘ ਵਿਚਾਰਿਆ ਸਰਮਤ ਭਈ ਇਨ ਦੇਹ ॥
ਜਾਤੇ ਮੁਖ ਨਹ ਬੋਲਿਉ ਅਬ ਜਗਾਇਕੈ ਲੈਹ ॥ 48 ॥

ਚੌਪਈ :- ਗੋਲਾ ਸਿੰਘ ਕੋ ਜਬ ਕਰ ਲਾਇਉ ॥
ਉਠੋ ਭਗਤ ਬਡ ਬੇਰ ਲਗਾਇਉ ॥
ਆਗ ਨਹ ਕਛੁ ਭਾਖ ਬਚਨਾ ॥
ਸੀਤ ਸਰੀਰ ਭਈ ਅਸਰਚਿਨਾ ॥ 49 ॥

ਮਿਰਤਕ ਪਰਾ ਲਖਾ ਤਬ ਤਾਨੈ ॥
ਭਇਉ ਬਿਸਮ ਚਿੰਤਾ ਚਿਤਵਾਨੈ ॥
ਈਸਰ ਕੀ ਮਾਇਆ ਬਲਵਾਨ ॥
ਸੁਰ ਨਰ ਅਸੁਰ ਮਨੈ ਜਿਹ ਆਨ ॥ 50 ॥

ਚੋਹਰਾ :- ਭਾਵੀ ਵਸ ਇਹ ਜੰਤ ਹੈ ਕਛ ਨਹ ਚਲੈ ਉਪਾਵ ॥
ਜੋ ਚਾਹੈ ਸੋਈ ਕਰੈ ਜਿਹ ਚਿਤਵੈ ਤਿਹ ਜਾਇ ॥ 51 ॥

ਚੌਪਈ :- ਅਬ ਮੈ ਕਵਨ ਕਰੋ ਸੁ ਜਤਨ ॥
ਬਡੋ ਦੂਰ ਰਹਾ ਹਮਰੋ ਵਤਨ ॥

Sri Satguru Jagjit Singh Ji eLibrary NamdhariElibrary@gmail.com

ਨਗਰ ਨਿਕਟ ਦੀਸੈ ਨਹ ਕੋਈ ॥
ਸਿਖ ਸਖਾ ਸੰਗ ਮਿਤਰ ਹੋਈ ॥ 52 ॥

ਇਨਕੀ ਦੇਹੁ ਸੁਕ ਵਨ ਪਹੁਚਾਵੈ ॥
ਤਿਆਗ ਜਾਊ ਤਉ ਨਹਿ ਬਨ ਆਵੈ ॥
ਗੁਰੂ ਗੁਰੂ ਮੁਖ ਕਰੇ ਉਚਾਰ ॥
ਤੁਮਰੇ ਬਿਰਦ ਸੁਲੇਹੁ ਸੁ ਧਾਰ ॥ 53 ॥

ਦੋਹਰਾ :- ਐਸੇ ਕਰਾ ਬਿਚਾਰ ਮਨ ਗੁਰ ਕਾ ਬਿਰਦ ਪਛਾਨ ॥
ਭਗਤਨ ਕੇ ਸਦ ਸੰਗ ਹੈ ਹੋਵਨ ਦੇਤ ਨਾ ਹਾਨ ॥ 54 ॥

ਅੜਿਲ :- ਗੋਲਾ ਸਿੰਘ ਤਬ ਉਠਾ ਸੁ ਗੁਰੂ ਉਚਾਰ ਕੈ ॥
ਦੂਸਰ ਬੰਧ ਕੋ ਕਹਾਂ ਐਸ ਸੁਧਾਰਿਕੈ ॥
ਤੁਮਰੋ ਤਨ ਮਿਰੇਤ ਭਇਉ ਘਟੀ ਭਈ ਚਾਰ ਹੀ ॥
ਹੋ ਅਬ ਤੁਮ ਉਠੇ ਅਚਾਨਕ ਅਚਰਜ ਪਾਰਿ ਹੀ ॥

ਗੋਲਾ ਸਿੰਘ ਸੁਨ ਬੈਠੇ ਸੁ ਮੁਖੋ ਉਚਾਰਿਆ ॥
ਦਸਮ ਗੁਰ ਦਇਓ ਦਰਸਨ ਐਸ ਸੁ ਧਾਰਿਆ ॥
ਚਿਤਰ ਗੁਪਤਿ ਗੁਰ ਪਾਸ ਕਹੀ ਅਸਬਾਤ ਹੈ ॥
ਹੋ ਇਹੁ ਸਿਖ ਹਾਜਰ ਖਰਾ ਪਰਗਟ ਬਿਖਿਆਦ ਹੈ ॥ 56 ॥

ਦੋਹਰਾ :- ਹਾਥ ਜੋਰ ਗੁਰ ਢਿਗ ਖਰਾ ਮੋ ਪਿਰ ਗੁਰੂ ਨਿਹਾਰ ॥
ਤਬਿ ਸਤਿ ਗੁਰ ਅਸ ਕਬ ਕਹੈ ਸੁ ਤੁਹ ਕਹੇ ਸੁਧਾਰ ॥

ਚੌਪਾਈ :- ਮੋ ਪਿਰਤ ਲੇ ਸਤਿ ਗੁਰ ਢਿਗ ਗਏ ॥
ਚਿਤ ਰ ਗੁਪਤ ਅਸ ਬਚਨ ਸੁ ਕਏ ॥
ਇਹੁ ਸਿਖ ਆਇਉ ਆਪ ਹਜੂਰ ॥
ਹੁਕਮ ਹੋਇ ਕਹੀਏ ਛਬ ਪੂਰ ॥ 58 ॥

ਸੁਨ ਤਿਨ ਬਚਨ ਸੁ ਗੁਰੂ ਉਚਾਰੈ ॥
ਜਹ ਸਿਖ ਗ੍ਰਿਹ ਆਪਨ ਖਾਰੈ ॥
ਊਹਾ ਜਾਇ ਕਰੋ ਬਿਸਰਾਮ ॥
ਦਾਨ ਪੁਨ ਕਹਿ ਜਪੋ ਸੁ ਨਾਮ ॥ 59 ॥

ਅਠ ਦਿਨ ਮੈ ਤੁਮਰੀ ਦੇਹ ॥
ਛੁਟਿਐ ਮਮ ਢਿਗ ਆਵਹੁ ਤੇਹ ॥

Sri Satguru Jagjit Singh Ji eLibrary NamdhariElibrary@gmail.com

ਐਸੋ ਹੁਕਮ ਗੁਰੂ ਮੁਝ ਕੀਨਾ ॥
ਤੁਮ ਪਿਰ ਭਗਤ ਭਾਖ ਸਭ ਕੀਨਾ ॥

ਦੋਹਰਾ :- ਸੁਨਾ ਬਚਨ ਜਬ ਗੁਰੂ ਕ' ਚਲਿਆਏ ਤਬ ਧਾਮ ॥
ਨਾਮ ਦਾਨ ਇਸਨਾਨ ਬਿਰਤ ਕਰਤ ਭਏ ਸਭ ਕਾਮ ॥ 61 ॥

ਚੌਪਈ :- ਅਠਮ ਦਿਵਸ ਨਿਕਟ ਜਬ ਆਵਾ ॥
ਗੋਲਾ ਸਿੰਘ ਅਸ ਬਿਉਤ ਬਨਾਵਾ ॥
ਕਰ ਕੜਾਹ ਬਿੰਜਨ ਬਨਵਾਇ ॥
ਸਾਧ ਸੰਗਤਿ ਸਿਖਨ ਖਵਾਇ ॥ 62 ॥

ਚਲ ਦਰਬਾਰ ਸੀਸ ਨਿਜ ਧਰਾ ॥
ਚਾਰੋ ਉਰ ਪਰਕਰਮਾ ਕਰਾ ॥
ਸ੍ਰੀ ਗੁਰ ਗਰੰਥ ਸਾਹਿਬ ਕਾ ਦਰਸ਼ਨ ॥
ਭਲੀ ਭਾਂਤ ਕੀਨੋ ਤਿਹ ਪ੍ਰਸਨ ॥ 63 ॥

ਫਿਰ ਸਮਾਧ ਭੇਟਾ ਜਾ ਧਰੀ ॥
ਚਾਰੋਓਰ ਪ੍ਰਕਰਮਾ ਕਰੀ ॥
ਗ੍ਰਿਹ ਮਹ ਆਇ ਮਿਲਿਉ ਪਰ ਵਾਰੇ ॥
ਧਰ ਸਨੇਹ ਰਿਦ ਬਚਨ ਉਚਾਰੇ ॥ 64 ॥

ਮਾਨਸ ਜਨਮ ਅਮੋਲਕ ਲਾਲ ॥
ਇਸਕਾ ਉਰ ਮੈ ਕਰੋ ਖਿਆਲ ॥
ਅਸਾ ਜਨਮ ਨ ਆਵ ਹਾਥ ॥
ਸੰਤਨ ਸੰਗ ਸੁ ਕਰੋ ਸਨਾਥ ॥ 65 ॥

ਮੁਕਤਾ ਮਣੀ ਸੁ ਰਤਨ ਵਿਚਾਰ ॥
ਜਬਰ ਪੁਜੈ ਨ ਕਈ ਹਜ਼ਾਰ ॥
ਇਕ ਇਕ ਸਵਾਸ ਅਮੋਲਕ ਅਹੈ ॥
ਇਸ ਕੈ ਸਮ ਨਹ ਕੋਈ ਲਹੈ ॥ 66 ॥

ਸਤਿ ਸੰਗਤਿ ਕਰ ਭਜਵਲ ਤਰੋ ॥
ਰਵ ਸੁਤ ਕੋ ਕਛੁ ਤਰਾਸ ਨ ਧਰੋ ॥
ਲਖ ਚੌਰਾਸੀ ਭੁਗੋਨ ਨਰਕ ।
ਪੂਰੀ ਨਾ ਜਾਵਹੁ ਫਿਰ ਸੁਤ ਅਰਕ ॥ 67 ॥

Sri Satguru Jagjit Singh Ji eLibrary NamdhariElibrary@gmail.com

ਐਸੋ ਜਨਮ ਸੁ ਅਹੈ ਦੁਰਲੰਭ ॥
ਭਾਰਥ ਖੰਡ ਸੁ ਤੁਮ ਅਸੰਭ ॥
ਕਲੂ ਕਾਲ ਕਾ ਅਵਸਰ ਜਾਨ ॥
ਥੋਰੇ ਮੈ ਹੋਵਤ ਕਲਿਆਨ ॥ 68 ॥

ਦੋਹਰਾ :- ਮਾਨਸ ਜਨਮ ਕੋ ਪਾਇਕੈ ਭਜੰਨ ਜੋ ਭਗਵਾਨ ॥
ਆਤਮ ਘਾਤੀ ਸੋ ਲਖੋ ਮਹਾਂ ਮੂੜ ਅਗਿਆਨ ॥ 69 ॥

ਜੇਤਕ ਸਭ ਪਰਵਾਰ ਥੋ ਸਭ ਹੀ ਕਰ ਉਪਦੇਸ਼ ॥
ਯਾ ਜਗ ਮੇ ਥਿਰ ਨਾਹ ਕੋ ਜਪੋ ਨਾਮ ਜਗਤੇਸ ॥ 70 ॥

ਮਿਲਤ ਭਏ ਸਭ ਨਗਰ ਕੋ ਉਰ ਮੈ ਪਰੇਮ ਸੁਧਾਰ ॥
ਉਪਦੇਸ਼ ਦਇਓ ਇਕ ਨਾਮ ਕੋ ਜਪਕਰ ਪਰੋ ਸੁਪਾਰ ॥ 71 ॥

ਚੌਪਈ :- ਧੀਰਜ ਦੀਨ ਸ ਸਭ ਪਰਵਾਰਾ ॥
ਮਿਲ ਬਿਛਰਨ ਰਚਿਉ ਕਰਤਾਰਾ ॥
ਇਹੁ ਸੰਨਬੰਧ ਝੂਠ ਦਿਨ ਚਾਰ ॥
ਬੁਧ ਜਨ ਇਨ ਸਿਉ ਕਰੈ ਨ ਪਿਆਰ ॥ 72 ॥

ਰੈਨ ਬਸੈ ਬਿਰਛ ਪੰਛੀ ਜੈਸੇ ॥
ਭਇਓ ਪਰਾਤ ਉਡਿ ਚਲੇ ਸੁ ਤੈਸੇ ॥
ਨਉਕਾ ਮਧ ਜੀ ਮਿਲ ਜਾਨੋ ॥
ਉਤਰੈ ਪਰ ਬਿਲਗ ਬਿਲਗਾਨੋ ॥ 73 ॥

ਸਫਰੀ ਬੀਚ ਸਗਇ ਜੁ ਆਵੈ ॥
ਦਿਵਸ ਉਦੈ ਹੋਇ ਕਹੂੰ ਸੁ ਜਾਵੈ ॥
ਤੈਸੇ ਜਾਨੋ ਇਹੁ ਸੰਸਾਰ ॥
ਮਿਥਿਆ ਦਾਵਾ ਝੂਠ ਪਸਾਰ ॥ 74 ॥

ਦੋਹਰਾ :- ਜਾ ਬਿਧ ਸਭਨ ਸੰਬੋਧ ਕੈ ਕਰਤ ਭਏ ਉਪਦੇਸ ॥
ਛਾਡਤ ਭਏ ਸੁ ਦੇਹ ਕੋ ਗੁਰ ਪੁਰ ਕਿਉ ਪਰਵੇਸ ॥ 75 ॥

ਪੂਰਨ ਭਇਉ ਪ੍ਰਸੰਗ ਇਹੁ ਆਗੈ ਸੁਨੋ ਸੁ ਜਾਨ ॥
ਅਲਪ ਕਥਾ ਕਛ ਭਾਖਿਉ ਲਖੂ ਕੀ ਸੰਤਾਨ ॥

ਗੀਆ ਮਾਲਰੀ ਛੰਦ :—

ਸਿਕਾਰ ਪੁਰ ਕੇ ਦੇਸ ਮੈ

Sri Satguru Jagjit Singh Ji eLibrary NamdhariElibrary@gmail.com

ਸੰਤਾਨ ਲਖੂ ਜਾਨਿਐ ॥
ਸੰਕਲਪ ਤਿਨ ਮਨ ਧਾਰਿਉ
ਸੁਨ ਲੇਹੁ ਸੰਤ ਸੁ ਮਾਨਿਐ ॥
ਮਸ ਬਡਭਨ ਕੋ ਅਸਥਾਨ ਖਾਰੋ
ਵਹ ਬਸੈ ਬੀਚ ਪੰਜਾਬ ਹੀ ॥
ਚਲ ਕਰੇ ਦਰਸ਼ਨ ਤਾਸ ਕੋ
ਸਭ ਮਿਟੈ ਮੋਹ ਅਜਾਬ ਹੀ ॥ 77 ॥

ਮਨ ਧਾਰ ਕੈ ਪਰਤ ਗਿਆ
ਕੁਛ ਅਜਮਤ ਤਿਹ ਲੀਜਿਐ ॥
ਇਕ ਛੀਰ ਪਾਤਰ ਕੋ ਲਾਇਉ
ਇਕ ਖੀਰ ਬਾਸਨ ਕੀਜਿਐ ॥
ਇਕ ਛਾਛ ਮਾਖਨ ਕੋ ਲਇਉ
ਇਕ ਦਹੀ ਪਾਤਰ ਜਾਨਿਐ ॥
ਇਕ ਘਿਰਤ ਸਾਥ ਸੁ ਪੂਰਿਉ
ਪਰਤ ਗਿਆ ਉਰ ਆਨਿਐ ॥ 78 ॥

ਜੇ ਰਹੈ ਸਭ ਇਹੁ ਸਾਬਤੰ
ਤਬ ਜਾਨ ਅਜਮਤ ਥਾਨ ਮੈ ॥
ਮਨਮਾਹ ਧਾਰ ਕੈ ਮਨੋਰਥੰ ਤਬ
ਤੁਰੈ ਮਗ ਕੇ ਮਿਆਨ ਮੈ ॥
ਕਛ ਸੰਗਤਿ ਦੇਸ ਕੀ
ਮਿਲਾਇ ਲੀਨੀ ਸੰਗ ਹੀ ॥
ਜਥਾ ਜੋਗ ਸੁ ਭੇਟ ਲੇ ਕਰ
ਚਲੇ ਥਾਰ ਉਮੰਗ ਹੀ ॥ 79 ॥

ਜਬਿ ਪੁਜੈ ਖਾਰੈ ਆਇਕੈ
ਇਸਨਾਨੰ ਕਰ ਸੁਧ ਦੇਹ ਕੋ ॥
ਕੜਾਹ ਭੇਟਾ ਲੇ ਤੁਰੇ
ਦਰਬਾਰ ਧਾਰ ਸਨੇਹ ਕੋ ॥
ਜਥਾ ਜੋਗ ਅਰਦਾਸ
ਦੀਨੀ ਭੇਟ ਰਾਖੀਆਨਾ ਮੈ ॥
ਸਭ ਸੁਧ ਨਿਕਸੀ ਵੈਸ ਹੀ
ਨਹ ਕਛੁ ਬਿਗਰੀ ਤਾਨ ਮੈ ॥ 80 ॥

Sri Satguru Jagjit Singh Ji eLibrary NamdhariElibrary@gmail.com

ਬਿਸਮ ਹੋਇ ਹੇਰ ਕ
ਪਰਤੀਤ ਨਿਸਚੈ ਮੈ ਭਈ ॥
ਸਭ ਗਈ ਸੰਕਾ ਤਾਸ ਕੀ
ਜਬ ਬਾਤ ਨਿਰਖੀ ਤਿਨ ਨਈ ॥
ਇਸ ਭਾਂਤ ਅਜ਼ਮਤ ਦੇਖ ਕੈ
ਫਿਰ ਗਏ ਅਪਨੇ ਧਾਂਮ ਕੋ ॥ 81 ॥

ਦੋਹਰਾ :- ਐਸੇ ਕਥਾ ਸੁ ਤਾਸ ਕੀ ਤਿਨ ਪਿਰਤ ਕਹੀ ਸੁਧਾਰ ॥
ਆਗੈ ਅਵਰ ਬਖਾਨਿਓ ਸੁਨਿਉ ਤਾਂਸ ਬਿਚਾਂਰ ॥ 82 ॥

ਦੋਹਰਾ :- ਸੁਨੋ ਸਖ ਧਰਮ ਭਾਵਨਾ ਸੰਗਤਿ ਸਿੰਘ ਕੀ
ਗਾਥਾ ਭਾਈ ਜੀ ਕੋ ਪੋਤਰਾ ਬਖਤ ਮੁਲ ਕੋ ਤਾਤ ॥

ਚੌਪਈ :- ਦਸਮ ਗੁਰੂ ਕੈ ਰਹੈ ਹਜੂਰ ॥
ਕਰੀ ਸੇਵ ਗੁਰ ਕੀ ਮਤਿ ਪੂਰ ॥
ਬਖੂ ਕੋ ਸੁਤ ਜਾਨੋ ਭਾਸ ॥
ਨਿਸ ਬਾਸਰ ਰਹੈ ਗੁਰ ਕੈ ਪਾਸ ॥ 84 ॥

ਸਵੈਯਾ :- ਜੋ ਜੋ ਚੋਜ ਕਰੈ ਗੁਰ ਪੂਰਨ
ਸੋ ਸੋ ਸਿਖ ਰਿਦੈ ਮਨ ਆਨੈ ॥
ਜਨਮ ਸੁ ਕਰਮ ਜਿਤੇ ਗੁਰ ਦੇ
ਕੈ ਭੂਤ ਭਵਿਖ ਭਗਵਾਨ ਬਖਾਨੈ ॥
ਜਬ ਜਬ ਅਵਤਾਰ ਧਰੈ ਧਰਨੀ ਤਬ ॥
ਹੀ ਸਿਖ ਆਨ ਮਿਲੇ ਤਿਹ ਥਾਨੈ ॥
ਗੁਰੂ ਸਿਖ ਗੁਰੂ ਇਕ ਰੂਪ ਹੈ
ਦੇਖਨ ਮੈ ਦੁਇ ਮੂਰਤ ਜਾਨੈ ॥ 5 ॥

ਗੀਆ ਮਾਲਤੀ ਛੰਦ :-

ਇਕ ਦਿਵਸ ਬੈਠੇ ਸਤਿ
ਗੁਰੂ ਦਿਵਾਨ ਭੀਤਰ ਜਾਇਐ ॥
ਇਸ ਬਚਨ ਮੁਖ ਤੇ ਭਾਖਿਉ
ਸੁਨੋ ਖਾਲਸਾ ਉਰ ਆਨਿਐ ॥
ਸਭਿ ਸਿਖ ਸੰਗਤ ਆਹ ਮੋਰੀ

Sri Satguru Jagjit Singh Ji eLibrary NamdhariElibrary@gmail.com

ਰਹ ਸਤਿ ਗੁਰ ਪਾਸ ਹੀ ॥
ਇਹੁ ਪਤਾ ਪੂਛ ਤੋਹ ਹੈ
ਕਹਿ ਦੀਜਿਐ ਪਰਕਾਸ ਹੀ ॥ 86 ॥

ਜਬ ਧਰਾ ਮੁਝ ਅਵਤਾਰ ਰਾਮ
ਸ਼ੁ ਧਾਮ ਦਸਿਰਥ ਰਾਵ ਕੈ ॥
ਸਭ ਹਰੈ ਭਾਰ ਸੁ ਧਰਮ ਕੋ
ਸੁਖ ਉਪਜੈ ਪ੍ਰਭਾਵ ਕੈ ॥
ਪਿਤਾ ਆਗਿਆ ਲੇ ਬਨਿ ਗਏ
ਸੰਗ ਗੀਆ ਲਛਮਣ ਜਾਨਿਐ ॥
ਹਰਿ ਜਾਤ ਧਾਨ ਸੁ ਲੇ ਗਇਓ
ਮਧ ਪੁਰੀ ਲੰਕਸੁ ਮਾਨਿਐ ॥ 87 ॥

ਇਹ ਪਤਾ ਮੁਝ ਕੋ ਦੀਜਿਐ
ਕਹਿ ਭਾਤ ਰਾਵਣ ਮਾਰਿਓ ॥
ਕਸ ਸਮ ਰਤਾ ਸਿਉ ਹੈ
ਕਰਾ ਕੁਟਬ ਤਿਨ ਕੋ ਗਾਰਿਓ ॥
ਫਿਰ ਲੰਕ ਦੀਨ ਭਭੀਛਨੰ
ਚਲਿ ਅਏ ਸੀਤਸ ਸੰਗ ਹੀ ॥
ਆ ਮਿਲੇ ਭਗਤ ਸੁ ਮਾਤਕੋ
ਸਭ ਪੁਰੀ ਅਵਧ ਉਮੰਗ ਹੀ ॥ 88 ॥

ਇਕ ਦੇਇ ਤੀਨ ਸੁ ਬੇਰ
ਪੂਛਾ ਸ੍ਰੀ ਗੁਰੂ ਸੁ ਜਾਨਿਐ ॥
ਸੁਨ ਤੁਸਨੀ ਸਭਹੈ ਭਏ
ਨਹ ਕੇਤ ਉਤਰ ਭਾਨਿਐ ॥
ਕਰ ਜੋਰ ਸੀਸ ਨਿਵਾਇਕੈ
ਗੁਰ ਦੇਵ ਆਗੈ ਆਇਕੈ ॥
ਬਚਨ ਭਾਖੈ ਤਾਸਨੇ ਸਭ
ਪਤੇ ਦੀਨ ਮਿਲਾਇਕੈ ॥ 89 ॥

ਦੋਹਰਾ :- ਸੰਗਤਿ ਸਿੰਘ ਹਜੂਰ ਪਿਰਤ ਦਏ ਸੁਪਤੇ ਮਿਲਾਏ ॥
ਜਬ ਸੀਤਾ ਰਾਵਨ ਹਰੀ ਰਗਪਤ ਨਿਰਖੀ ਜਾਇ ॥ 90 ॥

Sri Satguru Jagjit Singh Ji eLibrary NamdhariElibrary@gmail.com

ਰੁਦਨ ਕਰਤ ਭੈ ਉੱਚ ਸੁਰ ਧਰ ਕਰ ਮਾਨੁਖ ਸਵਾਂਗ ॥
ਪੂਛਤ ਬਨ ਪਸ ਮਿਰਗਨ ਕੋ ਅਸਨ ਬਸਨ ਤਜ ਖਾਨ ॥ 91 ॥

ਚੌਪਈ :- ਸੁਗਰੀਵ ਸਾਥ ਭਇਉ ਮਿਤਰਾ ਚਾਰ ॥
ਮਾਰਿਉ ਬੰਧ ਤਾਸ ਦਇਉ ਤਾਰ ॥
ਸਪਤ ਦੀਪ ਕੇ ਕੀਸ ਮਿਲਾਈ ॥
ਭਾਲਕ ਲੈ ਲੰਗੂਰ ਸੁ ਗਈ ॥ 92 ॥

ਸਾਗਰ ਸੇਤ ਬੰਧ ਕਰਿ ਦਇਉ ॥
ਲੰਕਾ ਮਾ ਰਾਵਨ ਸੁਨ ਲਇਉ ॥
ਸੈਨ ਮਿਲਾਇ ਅਸਰ ਚਲਿ ਆਇਉ ॥
ਸਨ ਮੁਖ ਸਮਰ ਕਰਾ ਜਸ ਭਾਇਉ ॥ 93 ॥

ਦੋਹਰਾ :- ਸਸਤਰ ਅਸਤਰ ਧਰ ਹਾਥ ਮੈ ਸਨ ਮੁਖ ਪਰੇ ਸੁਆਇ ॥
ਪਰੈ ਤਪਤੰਗ ਜਿਮ ਮੈ ਤੁਰਤ ਭਸਮ ਹੋਇ ਜਾਇ ॥ 94 ॥

ਚੌਪਈ :- ਪੁਤਰ ਪੋਤਰ ਮਾਰੈ ਜਬ ਰਾਵਨ ॥
ਰੋਦਨ ਕਰਾ ਬਰਖਾ ਰਿਤ ਸਾਵਨ ॥
ਸੈਨ ਸਮੂਹ ਇਕਠੀ ਕਰੀ ॥
ਮੰਤਰ ਵਜੀਰ ਬੋਲ ਤਹਿ ਘਰੀ ॥ 95 ॥

ਰਥ ਅਰੂੜ ਹੋਵਤ ਅਸਵਾਰਾ ॥
ਚੰਤਰਗਨ ਸੈਨਾ ਸੰਗ ਧਾਰਾ ॥
ਆਨ ਸਮੁਖ ਸਮਰ ਤਿਨ ਕਰਾ ॥
ਬਡੇ ਬਡੇ ਸ਼ਰਮ ਕੋ ਹਰਾ ॥ 96 ॥

ਰੈਨ ਦਿਨਾ ਕਛ ਸਮਝ ਨ ਪਰੀ ॥
ਬਾਠਨ ਕੀ ਬਰਖਾ ਤਿਨ ਕਰੀ ॥
ਕੁੰਡ ਕਾਨ ਮੇਘ ਨਾਦ ਸੁ ਬਲੀ ॥
ਮਰੈ ਸਮਰ ਕੈ ਮਧ ਸੁ ਬਲੀ ॥ 97 ॥

ਦੋਹਰਾ :- ਦੁੰਦ ਜੁਧ ਹੋਵਤ ਭਇਉ ਦਿਵਸ ਰਹਾ ਘਟ ਚਾਰ ॥
ਰਾਵਨ ਰਤਾ ਸੁ ਸਮਰ ਮੈ ਸੈਨ ਸਮੂਰ ਸੰਘਾਰ ॥ 98 ॥

ਚੌਪਈ :- ਲੰਕ ਪਤੀ ਰਾਵਨ ਜਬ ਮਾਰਾ ॥
ਰਾਮ ਚੰਦ ਧਰ ਕਰ ਅਵਤਾਰਾ ॥

Sri Satguru Jagjit Singh Ji eLibrary NamdhariElibrary@gmail.com

ਤਿਸੀ ਸਮੈ ਕਾ ਪਤਾ ਸੁ ਲੀਜੈ ॥
ਸ੍ਰੀ ਸਤਿ ਗੁਰ ਜੀ ਸਾਚ ਪਤੀਜੈ ॥ 99 ॥

ਸੁਨ ਸਤਿ ਗੁਰ ਮੁਖ ਬਚਨ ਬਖਾਨੈ ॥
ਅਵਰ ਪਤੋ ਕੁਈ ਦੇਹੁ ਸੁ ਜਾਨੈ ॥
ਸੁਨ ਕਰ ਭਾਈ ਕਰਾ ਉਚਾਰਾ ॥
ਗੁਰ ਚਰਨਨ ਪਰ ਮਸਤਕ ਧਾਰਾ ॥ 100 ॥

ਜਬ ਰਾਵਣ ਕੋ ਰਣ ਮਧ ਮਾਰਿਓ ॥
ਮਨ ਸੰਕਲਪ ਐਸੇ ਤੁਮ ਧਾਰਿਓ ॥
ਲੰਕਾ ਕੋ ਦੇਖਨ ਕੈ ਕਾਜੈ ॥
ਦਖਿਨਕੈ ਆਏ ਦਰਵਾਜੈ ॥ 101 ॥

ਆਗੈ ਬੈਠੋ ਰੁਤੋ ਸੁ ਸਾਧ ॥
ਪੂਰਨ ਮਤਿ ਜਿਹ ਆਹ ਅਗਾਧ ॥
ਤੁਮਰ ਦਰਸਨ ਜਬਾ ਤਿਨ ਪਾਇਉ ॥
ਜਨਮ ਸਫਲ ਅਪਨੋ ਮੁਖ ਗਾਇਉ ॥ 102 ॥

ਸਵਾ ਸੇਰ ਕੋ ਲੇ ਕਰ ਛੁਹਾਰਾ ॥
ਭੇਟਾ ਆਗੈ ਆਨ ਸੁ ਧਾਰਾ ॥
ਤਿਸ ਅਵਸਰ ਹਮ ਤੁਮਰੇ ਸਾਥਾ ॥
ਮੁਝਿ ਪਰਤ ਦੇਖ ਸੁ ਕੀਉ ਸਨਾਥਾ ॥

ਸੋ ਖਾਰਕ ਮੋਹ ਗੋਦੀ ਡਾਰਾ ॥
ਸਾਧੂ ਕੋ ਖੁਸ ਬਚਨ ਸੁਧਾਰਾ ॥
ਤੀਜੋ ਪਤੋ ਅਵਰ ਕਛ ਦੀਜੈ ॥
ਸੁਨ ਸਿਖ ਬਚਨ ਡੇਰ ਨਹਿ ਕੀਜੈ ॥

ਦੋਹਰਾ :- ਸੰਗਤਿ ਸਿੰਘ ਗੁਰਪਿਰਤ ਕਹਿਉ ਹਾਥ ਜੋਰ ਸਿਰ ਨਿਵਾਇ ॥
ਲਗਿਉ ਬਾਨ ਸਿਰ ਸਮਰ ਮੈ ਦਿਉ ਸੁ ਸਬਨ ਦਿਖਾਇ ॥ 105 ॥

ਅੜਿਲ :- ਕਰ ਸੋ ਸੀਸ ਦਸਤਾਰ ਸੁ ਦਈ ਉਕਾਸ ਕੈ ॥
ਲਗਾ ਜੁ ਸਿਰ ਮੈ ਬਾਨ ਸੁ ਕਿਉ ਪ੍ਰਕਾਸ਼ ਕੈ ॥
ਤਸੀ ਸਮੈ ਕਾ ਚਿਹਨ ਚਲਾ ਅਬ ਆਇਉ ॥
ਹੋ ਬਿਸ ਖਪਰੇ ਕੋ ਜਥਮ ਸੁ ਸਭਨ ਦਿਖਾਇਉ ॥ 106 ॥

Sri Satguru Jagjit Singh Ji eLibrary NamdhariElibrary@gmail.com

ਸੁਨ ਕਰ ਸਤਿ ਗੁਰ ਕਰੀ ਸੁ ਬੀਚ ਦੀਵਾਨ ਮੈ ॥
ਬਹੁਤ ਸਿੰਘ ਸੇ ਸਾਥ ਜੁਧ ਅਸਬਾਨ ਮੈ ॥
ਰਾਵਨ ਕੋ ਰਣ ਭੂਮ ਬੀਚ ਜਬ ਮਾਰਿਉ ॥
ਹੋ ਪੁਤਰ ਪੋਤਰੈ ਬੰਧ ਕੁਟੰਬਿ ਸੁ ਗਾਰਿਉ ॥ 107 ॥

ਦੋਹਰਾ :- ਬਹੁਤ ਚਿਰ ਬਡਿ ਹੈ ਭਇਉ ਅਵਸਰ ਗਇਉ ਬਤੀਤ ॥
ਭੂਲ ਗਈ ਇਨ ਬਾਰਤਾ ਨਹ ਕਛੁ ਰਹੀ ਸੁ ਚੀਤ ॥ 108 ॥

ਜੀਆ ਮਾਲਤੀ ਛੰਦ :—

ਅਵਤਾਰ ਜਗ ਮੈ ਧਰੋ ਜਬ
ਹੀ ਜੋਨ ਜੋਵਨ ਸੁ ਜਾਨਿਐ ॥
ਤਬ ਇਹੀ ਸੰਗਤਿ ਖਾਲਸਾ
ਸੰਗ ਆਏ ਮੇਰੈ ਮਾਨਿਐ ॥
ਅਵਤਾਰ ਰਘਪਤਿ ਕੋ ਧਰਾ
ਤਬ ਭਏ ਬਾਲਕ ਕੀਸਈ ।
ਜਬ ਕ੍ਰਿਸ਼ਨ ਕੋ ਬਪੂ ਧਾਰਿਉ
ਇਹ ਅਹੈ ਗੋਪ ਸੁਈ ਸਈ ॥ 109 ॥

ਕਲਿ ਕਾਲ ਅਵਸਰ ਨਾਨਕੈ ॥
ਗੁਰ ਨਾਨਕ ਬਪੁ ਧਾਰਿਉ ॥
ਇਨ ਸਿਖ ਸੰਗਤਿ ਹੋਇਕੇ
ਉਪਦੇਸ ਦੇ ਜਗ ਤਾਰਿਉ ॥
ਅਬ ਭਇਉ ਰੂਪ ਸੁ ਖਾਲਸਾ
ਸਦ ਸੰਗ ਮੇਰੇ ਜਾਨਿਐ ॥
ਨਹਿ ਨਿਮਖ ਨਿਆਰੋ ਹੋਤ ਹੈ
ਬਚ ਸਤਿ ਮੇਰੇ ਮਾਨਿਐ ॥ 110 ॥

ਸੁਨ ਭਈ ਸੰਗਤਿ ਤੂਸਨੀ
ਭਰਮ ਗਇਉ ਉਰ ਤੇ ਜਾਨਿਐ ॥
ਗੁਰ ਚਰਨ ਸਰਨ ਜੁ ਆਇ ਹੈ ਫਿਰ
ਜਨਮ ਮਿਰਤ ਨਹ ਮਾਨਿਐ ॥
ਅਸ ਕਥਾ ਸੰਗਤਿ ਸਿੰਘ ਕੀ ਚਿਤ
ਸੁਨੈ ਜੁ ਬਿਰਤ ਧਾਰਿ ਹੀ ॥

Sri Satguru Jagjit Singh Ji eLibrary NamdhariElibrary@gmail.com

ਵਹ ਤਰੈ ਭਵ ਨਿਧ ਜਾਨਿਐ ਜੁ
ਅਹੇ ਤਿਸ ਪਰਵਾਰ ਹੀ ॥ 111 ॥

ਦੋਹਰਾ :- ਸੰਗਤਿ ਸਿੰਘ ਕੀ ਕਥਕ ਹੀ ਜੈਸਕ ਸੁਨੀ ਸੁਧਾਰ ॥
ਸਾਧੂ ਸਿੰਘ ਕੀ ਬਾਰਿਤਾ ਤਿਨ ਕੋ ਕੋਹ ਬਿਚਾਰ ॥ 112 ॥

ਸੰਗਤਿ ਸਿੰਘ ਕੇ ਜਾਨਿਐ ਸਾਧੂ ਸਿੰਘ ਭਇਉ ਤਾਤ ॥
ਅਬ ਸੁਨ ਲੀਜੈ ਤਾਸ ਕਥ ਜੋ ਸਭ ਜਗ ਵਿਖਿਆਤ ॥

ਗੀਆ ਮਾਲਤੀ ਛੰਦ :-

ਸਦ ਰਹੈ ਸ੍ਰੀ ਗੁਰ ਪਾਸ
ਜਾਨੋ ਸਿੰਘ ਸਾਧੂ ਜਾਨਿਐ ॥
ਉਠ ਪਰਾਤ ਕਾਲ ਸੁ ਕਰੇ
ਦਰਸਨ ਹਰੇ ਕਲ ਮਲ ਹਾਨਿਐ ॥
ਅਵਰ ਪੂਤ ਮਸੰਦ ਕੈ
ਕਈ ਸਿਖ ਸੰਗਤਿ ਦੇਖਿਐ ॥
ਸਭ ਰਹੈ ਗੁਰੂ ਅਗਾਰ ਮੈ
ਕਛੁ ਪੜਤ ਸੁਨਤ ਸੁ ਪੇਖਿਐ ॥ 114 ॥

ਏਕ ਦਿਵਸ ਨਿਹਾਰ ਬਾਲਕ
ਸਤਿ ਗੁਰ ਫੁਰਮਾਇਉ ॥
ਏਹੁ ਆਹ ਬਾਲਕ ਜੇ ਤਿਨੇ
ਤਿਨ ਲੀਨ ਨਿਕਟ ਬਲਾਇਉ ॥
ਅਸ ਬਚਨ ਸਤਿ ਗੁਰ ਭਾਖਿਉ
ਨਿਜ ਪਿਤਾ ਗਾਰੀ ਦੀਜਿਐ ॥
ਸੁਨ ਲੇਹੁ ਹੁਕਮ ਹਜੂਰ ਕਾ ਨਹ
ਡੇਰ ਰੰਚਕ ਕੀਜਿਐ ॥ 115 ॥

ਦੋਹਰਾ :- ਸੁਨੇ ਬਚਨ ਸਤਿ ਗੁਰੂ ਕੈ ਦੇਨ ਲਗੇ ਸਭ ਗਾਰਾ ॥
ਜੋ ਮਨ ਉਪਜੀ ਬਲ ਕੇ ਸੋ ਸਭ ਕਹੀ ਸੁਧਾਰ ॥ 116 ॥

ਚੌਪਈ :- ਕਈ ਬਾਲ ਕੋ ਦਇਓ ਪਿਆਰ ॥
ਕਿਸੀ ਹੀ ਖੰਡ ਪਤਾਸੇ ਸਾਰ ॥

Sri Satguru Jagjit Singh Ji eLibrary NamdhariElibrary@gmail.com

ਕਿਸੀ ਬਾਲ ਕੋ ਭੋਜਨ ਦੀਨ ॥
ਕਾਹੂ ਬਚਨ ਤਾੜਕਾ ਕੀਨ ॥ 117 ॥

ਸਾਧੂ ਸਿੰਘ ਮੌਨ ਮੁਖ ਧਾਰੀ ॥
ਪਿਤ ਆਪਨ ਕੋ ਦੇਤ ਨ ਗਾਰੀ ॥
ਸ੍ਰੀ ਸਤਿ ਗੁਰ ਨਿਰਖਾ ਜਬ ਬਾਲ ॥
ਪੂਛਤ ਭਏ ਤਿਸੀ ਕੋ ਦਇਆਲ ॥ 118 ॥

ਤੁਮ ਬੀ ਦੇਹੁ ਬਾਪ ਪਿਰਤ · ਗਾਰੀ ॥
ਭਇਓ ਮੌਨ ਨਹ ਕਛੁ ਉਚਾਰੀ ॥
ਫਿਰ ਸਤਿਗੁਰ ਪੂਛਾ ਤਿਹ ਸੰਗ ॥
ਕਹੋ ਬਾਲ ਮਨ ਹੋਇ ਅਸੰਗ ॥ 119 ॥

ਦੋਹਰਾ :- ਹਾਥ ਜੋਰ ਗੁਰ ਸਿਉ ਕਹੀ ਸੁਨੋ ਬਾਤ ਗੁਰਦੇਵ ॥
ਗਾਰ ਨਾ ਦੇਵੋ ਬਾਪ ਕੋ ਕਰਿ ਹੋ ਤਿਨ ਕੀ ਸੇਵ ॥ 120 ॥

ਚੌਪਈ :- ਸਾਧੂ ਸਿੰਘ ਕੰ ਸਤਿ ਗੁਰ ਕਹੀ ॥
ਸਬੀ ਬਾਲ ਦੇਖੋ ਤੁਮ ਸਹੀ ॥
ਅਪਨੇ ਪਿਤ ਕੋ ਗਾਰ ਨਿਕਾਸ ॥
ਸਬ ਹੀ ਲੜਕੇ ਕਰੇ ਬਿਲਾਸ ॥ 121 ॥

ਜਾਮੇ ਤੁਮਰੋ ਕਿਆ ਘਟ ਜਾਇ ॥
ਅਪਨੇ ਪਿਤ ਕੋ ਗਾਰ ਸੁਨਾਇ ॥
ਪ੍ਰਿਥਮ ਸੁ ਭਾਵਕ ਬਚਨ ਪ੍ਰਕਾਸੇ ॥
ਫਿਰ ਪਿਆਰ ਕਛ ਕਹੈ ਦਿਲਾਸੇ ॥ 122 ॥

ਤੋਟਕ ਛੰਦ :- ਗੁਰ ਕੀ ਨਹ ਬਾਤ ਸੁ ਕਾਨ ਧਰੀ ॥
ਕਮਚੀ ਫਿਰ ਹੈ ਗੁਰ ਹਾਥ ਫਰੀ ॥
ਤੁਮ ਗਾਰ ਪਿਤਾ ਪਿਰਤ ਦੇਹੁ ਭਲੇ ॥
ਨਹ ਮਾਰ ਤੁਮੈ ਕਰ ਖੇਹੁ ਰਲੇ ॥ 123 ॥

ਤਬ ਜੋਰ ਹਾਥ ਸੁ ਬਾਲ ਕਹੀ ॥
ਤੁਮ ਚਾਹੁ ਜਿਤੀ ਕਰ ਮਾਰਗ ਸਹੀ ॥
ਪਿਤ ਆਪਨ ਕੋ ਨਹ ਗਾਰ ਦਯੋ ॥
ਗੁਰ ਇਛ ਜਿਤੀ ਤੁਮ ਤਾੜ ਅਹੋ ॥ 124 ॥

Sri Satguru Jagjit Singh Ji eLibrary NamdhariElibrary@gmail.com

ਗੁਰ ਵਾਰ ਗਵਾਰ ਸੁ ਭਾਖ ਰਹੈ ॥
ਕਮਚੀ ਦਿਖਲਾਇ ਸੂ ਬਾਕ ਕਹੈ ॥
ਫੜ ਛੂਛਕ ਬਾਤ ਕਠੋਰ ਕਹੀ ॥
ਪਿਤ ਆਪਨ ਕੋ ਨਹਿ ਗਾਰ ਕਈ ॥

ਦੋਹਰਾ :- ਅਵਰੰਗ ਸਾਹ ਕੋ ਪੂਤ ਜੋ ਸਾਹ ਬਹਾਦਰ ਨਾਮ ॥
ਸਿਖ ਭਇਓ ਸੜਿ ਗੁਰੂ ਕੋ ਭੇਜਤ ਭੇਟ ਸੁ ਦਾਮ ॥ 126 ॥

ਗੀਆ ਮਾਲਤੀ ਛੰਦ :—

ਜੋਇ ਚੀਜ ਦਸ ਦਿਸਤੂੰ
ਬਾਦਸਾਹ ਕੇ ਗਹ ਆਵ ਹੈ ॥
ਵਹ ਭੇਜਿ ਹੈ ਗੁਰਦੇਵ ਪਿਰਤ
ਮਨ ਆਪਨੇ ਸੁਖ ਪਾਵ ਹੈ ॥
ਅਸਵ ਹਸਤੀ ਆਦ ਜੇਤਕ
ਦੇਤ ਤਨਮਨ ਵਾਰ ਹੀ ॥
ਦੀਨ ਬੰਧ ਦਿਆਲ ਸਤਿ ਗੁਰ
ਖੁਸੀ ਤਾ ਪਰ ਧਾਰਿ ਹੀ ॥ 127 ॥

ਇਕ ਦਈ ਭੇਟ ਸੁ ਧੁਖ
ਧੁਖੀ ਗੁਰ ਦੇਵ ਜੀ ਕੋ ਜਾਨਿਐ ॥
ਸਹੰਸਰ ਸਠ ਤਹ ਕੀਮਤੰ
ਇਹ ਬਾਤ ਨਿਸਚੇ ਮਾਨਿਐ ॥
ਸਹੰਸਰ ਸਚ ਤਹਿ ਕੀਮਤੰ
ਇਹ ਬਾਤ ਨਿਸਚੇ ਮਾਨਿਐ ॥
ਸੋ ਭੂਖਨੰ ਲੇਸਤਿ ਗੁਰੂ
ਤਹ ਦਇਓ ਬਾਲਕ ਹਾਥ ਹੀ ॥
ਸਿਰ ਚੂਮਿਓ ਲੈ ਗੋਦ ਮੈ
ਬਚ ਕਹੈ ਐਸੇ ਨਾਥ ਹੀ ॥ 128 ॥

ਇਹੁ ਆਹ ਸੁਧ ਸੰਤਾਨ ਲਛਨ
ਸੁਨੋ ਸਿਖ ਧਰ ਧਿਆਨ ਹੀ ॥
ਨਹੀ ਦਈ ਗਾਰ ਸੁ ਬਾਪ ਪਿਰਤ
ਬਹੁ ਕਰਾ ਸੈ ਵਖਿਆਨ ਹੀ ॥

Sri Satguru Jagjit Singh Ji eLibrary NamdhariElibrary@gmail.com

ਕਰ ਪਿਆਰ ਤਾੜਨ ਮੈ ਕਰੀ
ਬਹੁ ਭਾਤ ਲੋਭ ਦਿਖਾਇਕੈ ॥
ਨਹੀਂ [ਦਈ ਗਾਰੀ ਪਿਤਾ ਕੋ
ਗੁਰ ਕਹੀ ਸੰਗਤਿ ਗਾਇਕੈ ॥ 129 ॥

ਦੋਹਰਾ :- ਤਾ ਦਿਨ ਤੇ ਲੇ ਸਤਿ ਗੁਰੂ ਤਾ ਸਉ ਕਰੈ ਪਿਆਰ ॥
ਅਵਰ ਸੁ ਬਾਲ ਮਸੰਦ ਕੈ ਤਿਨਕੋ ਕਰੈ ਧਿਕਾਰ ॥ 130 ॥

ਕਵਿ ਵਾਚ ਗੀਆ ਮਾਲਤੀ ਛੰਦ :-

ਅਹੈ ਪੂਤ ਦਿਨ ਪ੍ਰਕਾਰ ਕਿ
ਬਚ ਬਿਯਾਸ ਬੇਦ ਬਖਾਨ ਹੈ ॥
ਇਕ ਅਹਿ ਉਤਮ ਮਧਮੰ
ਇਕ ਅਧਮੰ ਜਗ ਜਾਨਿਐ ॥
ਜੋ ਆਗਿਆ ਪਿਤਾ ਮਹ **ਚਾਲੈ**
ਉਤਸ਼ਾਹ ਜਾਨਿ ਹੀ ॥
ਬਨ ਕਹੈ ਕਾਰਜ ਜੋ ਕਰੈ
ਵਹ ਪੂਤ ਭਲ ਜਗ ਮਾਨਿ ਹੀ ॥ 131 ॥

ਜੋ ਕਹੈ ਕਾਰਜ ਕਰਤ ਹੈ
ਵਹ ਅਹੈ ਮਧਮ ਤਾਤ ਹੀ ॥
ਨ ਕਰੇ ਪਿਤ ਮੁਖ ਭਾਖਿ ਹੈ
ਸੁਈ ਅਧਮੰ ਵਿਖਿਆਤ ਹੀ ॥
ਮ੍ਰਤ ਜਿਉ ਪੁਰੀਖ ਉਤਪਤਿ
ਹੋਤ ਜਾਨ ਸਰੀਰ ਮੈ ॥
ਵਹ ਪੂਤ ਤੈਸੇ ਜਾਨਿਐ
ਜਿਮ ਜੰਤ ਜਨਮੈ ਨੀਰ ਮੈਂ ॥ 132 ॥

ਦੋਹਰਾ :— ਪੂਤ ਸਪੂਤ ਸੋ ਹੋਤ ਹੈ ਵਿਦਿਆ ਕਰੇ ਵਿਚਾਰ ॥
ਸਤਿ ਸੰਗਤਿ ਅਭਿਆਸ ਕਰ ਸਭ ਕੁਲ ਲੇ ਉਧਾਰ ॥
ਪੂਰਨ ਭਇਓ ਧਿਆਵ ਇਹੁ ਆਗੇ ਸੁਨੋ ਸੁਜਾਨ ॥
ਜਨਮ ਮਰਨ ਕੀ ਸਿਲਕ ਕਟ ਪਾਵਹੁ ਆਤਮ ਗਿਆਨ ॥ 134 ॥

ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਧਾਰੋ ਗੁਰ ਕੋ ਗਿਆਨ ॥

Sri Satguru Jagjit Singh Ji eLibrary NamdhariElibrary@gmail.com

ਏਕ ਬਾਰ ਸ੍ਰੀ ਗੁਰ ਮੁਖ ਕਰੇ ॥
ਜਨਮ ਜਨਮ ਕੇ ਪਾਤਕ ਦਹੈ ॥ 135 ॥

ਇਤ ਸ੍ਰੀ ਭਾਈ ਬੰਨੋ ਪ੍ਰਕਾਸ਼
ਸੰਗਤਿ ਸਿੰਘ ਸਾਧੂ ਸਿੰਘ ਪ੍ਰਸੰਗ
ਵਰਨਨੰ ਨਾਮ ਪੰਜਤਾਲੀਸਮੋ ਧਿਆਵ
ਸਮਾਪਤ ਮਸਤ ਸ਼ੁਭ ਮਸਤ ॥ 45 ॥

—0—

Sri Satguru Jagjit Singh Ji eLibrary NamdhariElibrary@gmail.com

ਛਆਲੀਸਮੋ ਧਿਆਵ

ਦੋਹਰਾ :- ਸ੍ਰੀਗੁਰੂ ਕਿਰਪਾ ਨਿਧਾਨ ਕੇ ਚਰਨ ਕਮਲ ਉਰ ਧਾਰ ॥
ਅਗਰ ਕਥਾ ਵਰਨਨੰ ਕਰੋ ਸੁਨੋ ਸੰਤ ਨਿਰਧਾਰ ॥ 1 ॥

ਤਾਰਾ ਚੰਦ ਕੇ ਸਤ ਭਇਉ ਮਲੂਕ ਸਿੰਘ ਤਿਹ ਨਾਮ ॥
ਰਾਜਾ ਸਿੰਘ ਬਖਿਆਨਿਅੰ ਬਾਦਲ ਸਿੰਘ ਸੁਰ ਗਿਆਨ ॥ 2 ॥

ਤਿਨ ਕੇ ਸੁਰਾਜਨ ਸਿੰਘ ਭਏ ਮੋਹਰ ਸਿੰਘ ਭਏ ਤਾਤ ॥
ਆਗੇ ਭਇਉ ਪਰਵਾਰ ਬਡ ਸੁਨੋ ਸੰਭ ਵਿਖਿਆਤ ॥ 3 ॥

ਚੌਪਈ :- ਭਾਈ ਦੁਵਾਰੇ ਕੁਲ ਸੁਨ ਲੇਹੁ ॥
ਗੁਰ ਬਖਸਰਾਇ ਜਾਨੋ ਸੁਤ ਏਹੁ ॥
ਭਾਈ ਧੰਨਾ ਤਿਨ ਕੋ ਤਾਤ ॥
ਅਤਰ ਸਿੰਘ ਨਿਪਜਿਓ ਬਿਠਿਆਤ ॥ 4 ॥

ਰਹੇ ਸੁ ਦੇਸ ਪਸ਼ੋਰ ਮੰਝਾਰ ॥
ਤਾਰਾ ਜਬੀ ਨਗਰ ਸੁਧਾਰ ॥
ਭਾਈ ਬੁਧੂ ਕੁਲ ਸੁਨ ਲੀਜੈ
ਸਰਵਣ ਧਾਰ ਪਵਿਤਰ ਸੁ ਕੀਜੈ ॥ 5 ॥

ਭਾਈ ਕੋਰਾ ਜਨਮਾ ਧਾਮ ॥
ਬੁਧੰਵਤ ਗਿਆਨੀ ਅਭਿਰਾਮ ॥
ਤਿਨ ਕੀ ਕਥਾ ਸੁਨੋ ਸੁਖ ਕਰਣੀ ॥
ਪਾਪਨ ਕੇ ਕਾਂਟਨ ਕੋ ਅਰਣੀ ॥

ਦੋਹਰਾ :— ਏਕਸਮੇ ਬਨਸੈ ਗਏ ਨਿਜ ਇਛਾ ਅਨੁਸਾਰ ॥
ਚਿਤਰ ਗੁਪਤ ਤਿਹ ਮਿਲਤ ਭੇ ਚਰਣੀ ਪਰੇ ਸੁਧਾਰ ॥ 7 ॥

Sri Satguru Jagjit Singh Ji eLibrary NamdhariElibrary@gmail.com

ਗੀਆ ਮਾਲਤੀ ਛੰਦ :—

ਤਨ ਧਾਰ ਸੁੰਦਰ ਰੂਪ
ਕੋ ਅਨੂਪ ਭੁਖਨ ਛਾਜਿਈ ॥
ਪਸਚੰਬਰੰ ਪਚੰਬਰੰ ਅਡੰਬਰ ਤਿਹਸਾਜਿਈ ॥
ਭਇ ਭੂਰ ਸੁਭਾਗ ਹਮਰ
ਦਰਸ ਤੁਮਰੋ ਪਾਇਉ ॥
ਪਵਿਤਰ ਮੋਹ ਕੋ ਕਲੇ
ਕਲੇਸ ਸਕਲ ਗਵਾਇਉ ॥ 8 ॥

ਅਵਰ ਜੇਤਕ ਜਗਤਿ ਮੈ
ਪਦਾਰਥ ਸੁ ਜਾਨਿਐ ॥
ਵਹ ਸੁਗਮ ਆਹ ਸੰਸਾਰ ਮੈ
ਨਹ ਖੇਦ ਉਰ ਮੈ ਆਨਿਅੰ ॥
ਦੁਰਲੰਭ ਸਾਧੂ ਸੰਗ ਹੈ
ਪਰ ਭਾਗ ਪੂਰੇ ਪਾਇਐ ॥
ਜਹ ਦਰਸ ਕੋਟ ਕਲੇਸ ਨਿਵਰੰ
ਨਹ ਮਿਰਤ ਜਨਮ ਆਇਐ ॥ 9 ॥

ਮੁਝ ਸਿਖ ਸਮਝੋ ਆਪ ਕੋ
ਕਦੀਮ ਤੁਮਰੇ ਦਾਸ ਹੈ ॥
ਇਕ ਭਾਈ ਬੰਨੋ ਆਸਰਾ
ਨਹ ਅਵਰ ਕਿਸਕੀ ਆਸ ਹੈ ॥
ਬਿਆਹ ਹਮਰੇ ਤਾਤ ਕੋ
ਚਲ ਕਰੋ ਭਵਨ ਪੁਨੀਤ ਹੀ ॥
ਅਰਦਾਸ ਕਰ ਵਰਤਾਈਐ ਜਾ
ਅਹੈ ਗੁਰ ਕੀ ਰੀਤ ਹੀ ॥ 10 ॥

ਦੋਹਰਾ ;- ਪ੍ਰਸਾਦਿ ਅਹੈ ਮਮ ਧਾਮ ਅਜ ਚਲ ਤੁਮ ਕਰੋ ਅਰਦਾਸ ॥
ਚਰਨ ਕਮਲ ਪਰੈ ਆਪ ਕੈ ਸਭ ਕਾਰਜ ਭਏ ਰਾਸ ॥ 11 ॥

ਚੌਪਈ :- ਭਾਈ ਕਵਰੇ ਕੋ ਲੇ ਆਏ ॥
ਸੁਵਛ ਸੁਥਾਨ ਸੁ ਤਾਂਹ ਬੈਠਾਇ ॥

Sri Satguru Jagjit Singh Ji eLibrary NamdhariElibrary@gmail.com

ਸਭ ਪਰਵਾਰ ਚਰਨ ਆਪਰਾ ॥
ਹਾਥ ਜੋਰ ਕਰ ਮਾਥਾ ਰਗਰਾ ॥ 12 ॥

ਜਹ ਗਰਹ ਨਾਹ ਸੰਤ ਕੀ ਸੇਵ ॥
ਨਹ ਹਰਿ ਪੂਜ ਤੁਤ ਕਾ ਭੇਵ ॥
ਬਿਯਾਹ ਸੁਵਾਰਬ ਮੰਗਲਾ ਚਾਰ ॥
ਸੰਤ ਸੇਵ ਨਹ ਨਾਮ ਉਚਾਰ ॥ 13 ॥

ਸਮਸਾਨ ਭੂਮ ਸਮ ਜਾਨੋ ਧਾਮ ॥
ਮਿਥਿਆ ਦੇਖੋ ਸਭੀ ਵਿਰਾਮ ॥
ਜਦਪ ਸੰਪਤ ਸਦਨ ਸੁ ਹੋਈ ॥
ਨਿਹਫਲ ਤਿਲ ਬੂਆੜ ਸਮਸੋਈ ॥ 14 ॥

ਦੋਹਰਾ :- ਪੂਰਨ ਭਾਲ ਸੁ ਭਾਗ ਹੈ ਤੁਮਰੋ ਦਰਸ਼ਨ ਕੀਨ ॥
ਕਾਰਜ ਭਏ ਸੁ ਸਿਧ ਸਭ ਪ੍ਰਸਿਧ ਬਾਤ ਇਹੁ ਚੀਨ ॥

ਗੀਆ ਮਾਲਤੀ ਛੰਦ :-

ਅਬ ਭਇਉ ਲੰਗਰ ਤਿਯਾਰ
ਹੈ ਅਰਦਾਸ ਕਰ ਵਰਤਾਇਐ ॥
ਪ੍ਰਿਥਮ ਬਾਟਾ ਗੁਰੂ ਕਾ ਰਖ
ਫੇਰ ਸਭਿ ਕੋ ਦਿਆਈਐ ॥
ਟਕਾ ਦੀਨ ਅਰਦਾਸ ਭਾਈ
ਪ੍ਰਿਥਪ ਬਾਟਾ ਰਾਖਿਉ ॥
ਫੇਰ ਦੀਨ ਵਰਤਾਇ ਸਭ ਕੋ
ਮਿਟੀ ਤਿਨ ਅਭਲਾਖਿਉ ॥ 16 ॥

ਅੜਿਲ :- ਭੋਜਨ ਦਇਓ ਵਰਤਾਇ ਭਾਈ ਤਿਨ ਜਾਨਿਉ ॥
ਚਿਤਰ ਗੁਪਤ ਕਰ ਜੋਰ ਸੁ ਬਚਨ ਬਖਾਨਿਉ ॥
ਭਾਈ ਜੀ ਅਬ ਜਈਐ ਆਪਨੇ ਧਾਮ ਹੀ ॥
ਹੋ ਭੋਜਨ ਗ੍ਰਿਹ ਲੈ ਜਾਈਐ ਕਰੋ ਅਰਾਮ ਹੀ ॥ 17 ॥

ਬਿਦਾ ਕਰਤ ਭਏ ਆਇ ਸੁ ਬਚਨ ਕੈ ਬਖਾਨ ।
ਹਮ ਪਰ ਖੁਸ਼ੀ ਸੁ ਕੀਜੈ ਸਿਖੈ ਪਛਾਨ ਕੈ ॥
ਭਾਈ ਬੰਨੋ ਗੁਰੂ ਸੁ ਹਮਰੋ ਜਾਨ ਹੀ ॥
ਹੋ ਉਨਕੋ ਸੇਵੋ ਸਦਾ ਅਵਰ ਨਹ ਮਾਨਿ ਹੀ ॥ 18 ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ :- ਚਿਤਰ ਗੁਪਤ ਚਰਨੀ ਪਰੇ ਭਾਈ ਖੁਸੀ ਸੁ ਕੀਨ ॥
ਚਲ ਕਰ ਅਏ ਸੁਧਾਮ ਕੋ ਦੇਖਤ ਭਏ ਪਰਬੀਨ ॥ 19

ਚੌਪਈ :— ਚਿਤਰ ਗੁਪਤ ਜੋ ਦੀਨੋ ਮੋਹ ॥
ਗਾਂਝ ਛੋਰ ਦੇਖੋ ਅਬ ਸੋਇ ॥
ਟਕਾ ਅਰਦਾਸ ਦੀਉ ਜੁ ਤਾਸ ॥
ਸੋ ਠਿਕਰੀ ਨਿਕਰੀ ਤਹ ਪਾਸ ॥ 20 ॥

ਅਸਨ ਦੀਨ ਮੰਡੇ ਕੜਾਹ ॥
ਪਲਾਸਪਾਤ ਵਿਚ ਧਰੀ ਸੁਵਾਹ ॥
ਭਾਈ ਕੋਰੇ ਸੰਗ ਬਿਲਾਸ ॥
ਚਿਤਰ ਗੁਪਤਿ ਅਸ ਕੀਨ ਪ੍ਰਕਾਸ਼ ॥ 21 ॥

ਦੋਹਰਾ :— ਭਾਈ ਕੋਰੇ ਧਾਮ ਮੈ ਪੁਤਰ ਪੁਤਰ ਭਏ ਤਿਨ ਜਾਨ ॥
ਸਾਵਣ ਸਿੰਘ ਅਰ ਸੂਰਤਿ ਸਿੰਘ ਮਿਠਾ ਸਿੰਘ ਪਹਿਚਾਨ ॥

ਗੀਆ ਮਾਲਤੀ ਛੰਦ :—

ਅਬ ਕਰੋ ਸੂਰਤ ਸਿੰਘ ਕੀ
ਕਛ ਬਾਤ ਸਰਵਣ ਕੀਜਿਐ ॥
ਗੁਰ ਕੀਨ ਪੂਰ ਪਰਤਗਿਆ
ਰਖ ਪੈਜ ਤਾਕੀ ਲੀਜਿਐ ॥
ਦਰਬਾਰ ਸੀਸ ਨਿਵਾਇਕੈ ਚਲਿ
ਅਏ ਗ੍ਰਿਹ ਕੋ ਜਾਨਿਐ ॥
ਮਲੇਛ ਮਾਰਗ ਮੈ ਮਿਲੇ ਕਰ
ਜੋਰ ਅਰ ਬਖਾਨਿਐ ॥ 23 ॥

ਬਡਿ ਲੋਰ ਬਰਖਾ ਕੀ ਭਈ
ਜਲ ਬਿਨਾ ਦੁਖ ਸਭ ਲੋਗ ਹੈ ॥
ਤੁਮ ਕਹੋ ਆਪ ਖੁਦਾਇ ਸੂਰਤ
ਮਿਟੈ ਭਵ ਕਾ ਸੋਗ ਹੈ ॥
ਹਮ ਕਦਮ ਤੁਮਰੇ ਹੈ ਪਰੈ
ਦਰਵੇਸ਼ ਰੂਪ ਖੁਦਾਇਕੈ ॥
ਕੁਲ ਆਲਮੰ ਸਭ ਜਾਨਿ ਹੈ
ਨਹ ਛਪੈ ਰੂਪ ਅਲਾਹ ਕੈ ॥ 24 ॥

Sri Satguru Jagjit Singh Ji eLibrary NamdhariElibrary@gmail.com

ਲੀਉ ਮਾਰਗ ਰੋਕ ਸਗਰੋ
ਭਾਈ ਜੀ ਅਸ ਜਾਨਿਉ ॥
ਇਹੁ ਲੇਤ ਮੁਝ ਪਰਤ ਗਿਆ
ਮੁਖ ਬਚਨ ਤਾਸ ਬਖਾਨਿਉ ॥
ਜੇ ਚਹੈ ਬਰਖਾ ਤੁਮ ਸਹੀ
ਤਉ ਕਰੋ ਐਸੋ ਕਾਮ ਹੀ ॥
ਦੇ ਅਗਨ ਵਾੜ ਜਲਾਈਐ
ਜੋ ਅਹੈ ਮਸਜਦ ਧਾਮ ਹੀ ॥ 25 ॥

ਫਿਰ ਚਲੋ ਬਰਖਾ ਜੇਤ ਨੇ
ਹੋਇ ਤੇਤਨੀ ਹੀ ਜਾਨਿਐ ॥
ਨਹ ਝੂਠ ਕਛੁ ਮੁਖ ਭਾਖਿਉ ॥
ਯਕੀਨ ਉਰ ਮੈ ਆਨਿਐ ॥
ਅਸ ਬਚਨ ਤੁਰਕਨ ਜਬ
ਸੁਨੇ ਤਬ ਖੁਨਸ ਦਿਲ ਮੈ ਖਾਇਕੈ ॥
ਇਕ ਹੈ ਕਾਫਰ ਹੈ ਬਡੋ
ਸੈਤਾਨ ਮੂਜੀ ਗਾਇਕੈ ॥ 26 ॥

ਇਕ ਕਹੈ ਬਚਨ ਫਜੂਲ ਭਾਖੈ ਅਨਲ ਧਾਮ ਰਸੂਲ ਹੀ ॥
ਇਕ ਕਹੈ ਦੇਹੁ ਲਾਇਕੈ ਵਹ ਪਰੈ ਜਾਨ ਕਬੂਲ ਹੀ ॥
ਨਹਿ ਹੋਇ ਬਰਖਾ ਫਿਰ ਕਰੇ ਦਿਲ ਚਾਹੀਐ ਇਨ ਸੰਗ ਹੀ ॥
ਕਛੁ ਬਲੀ ਮੁਝ ਤੇ ਨਾਹ ਭਾਈ ਦੇਖ ਲੀਜੈ ਰੰਗ ਹੀ ॥ 27 ॥

ਦੋਹਰਾ :- ਸਭੀ ਮਲੇਛ ਇਕਤਰ ਹੋਇ ਕਰਤ ਭਏ ਸੁ ਸਲਾਹ ॥
ਦੇਹੁ ਅਨਲ ਲਗਾਇਕੈ ਕਰੋ ਵਾੜ ਸਭ ਸੁ ਵਾਹ ॥ 28 ॥

ਚੌਪਈ :- ਜੇਕਰ ਮੇਹੁ ਪਰੈ ਨਹੀ ਧਰਣੀ ॥
ਤਉ ਇਨ ਪਕਰ ਸਗ ਸੋ ਕਰਣੀ ॥
ਜੇਕਰ ਬਰਖਾ ਹੋਇ ਅਪਾਰਾ ॥
ਤਉ ਪਰ ਦਮ ਸੁ ਕਰੇ ਜੁਹਾਰਾ ॥ 28 ॥

ਦੋਹਰਾ :- ਐਸੇ ਕਰੀ ਤਵੀਜ ਤਿਨ ਦਈ ਅਨਲ ਤਵ ਮੇਲ ॥
ਸੂਰਤਿ ਸਿੰਘ ਦਰਬਾਰ ਚਲ ਕਰੀ ਬਿਨ ਤਹ ਹੇਲ ॥ 29 ॥

ਛਪੈ :- ਦੋ ਕਰ ਦਏ ਸੁ ਜੋਰ ਸੀਸ ਤਹਿ ਝੁਕਾਈ ॥

Sri Satguru Jagjit Singh Ji eLibrary NamdhariElibrary@gmail.com

ਰਿਦੈ ਅਰਾਧਿਨ ਕੀਨ ਨਿਮਰ ਹੋਇ ਬਿਨ ਅਲਾਈ ॥
ਪਰਹਲਾਦ ਭਗਤ ਕੀ ਪੈਜ ਦਰੋਪਤੀ ਲਈ ਉਬਾਰੀ ॥
ਗਜ ਗਰਾਹ ਤੇ ਗਰਸਾ ਦੀਨ ਹੁਇ ਕਰੀ ਪੁਕਾਰੀ ॥
ਮਿਰਗੀ ਪੁਕਾਰੀ ਬਨ ਬਿਖੈ ਸੰਕਟ ਕਟੈ ਸੁ ਤਾਸ ਕੈ ॥
ਅਬ ਕਰੋ ਸਹਾਇਤ ਬਿਰਦ ਤਵ ਰਖ ਲੇਹੁ ਭਰੋਸੇ ਦਾਸ ਕੇ ॥
31 ॥

ਚੌਪਈ :- ਜਬ ਤਾਈ ਜੀ ਬਿਨੋ ਉਚਾਰੀ ॥
ਆਈ ਊਨ ਘਟਾ ਤਿਹ ਸਾਰੀ ॥
ਬਰਖਾ ਭਈ ਬਡ ਤਿਹ ਆਨ ॥
ਸੀਤਲ ਅਨਲ ਬੁਝੀਤਹ ਥਾਨ ॥ 32 ॥

ਗੀਆ ਮਾਲਤੀ ਛੰਦ :—

ਸਭ ਜਵਨ ਪਕਰੈ ਕਦਮ ਕੋ
ਰਖ ਲੀਓ ਮੋਹ ਉਬਾਰਿਐ ॥
ਤੁਮ ਵਲੀ ਆਹ ਖੁਦਾਇ ਕਛੁ
ਸੰਕ ਨਹ ਉਰ ਧਾਰਯੈ ॥
ਅਲਾਹ ਸੂਰਤ ਤੋਹ ਕੀ ਕੁਝ
ਨਾਹ ਅਲਹੁ ਭੇਦ ਹੈ ॥
ਯਕੀਨ ਕਰ ਹਮ ਜਾਨਿਓ ਨਹ
ਹੋਇ ਦਰਗਾਹ ਖੇਦ ਹੈ ॥ 33 ॥

ਭਈ ਬਰਖ ਸੁ ਸਰਸ ਸਾਰੀ
ਸਿਰਸਟ ਸਭ ਸੁਖ ਪਾਇਓ ॥
ਤੁਰਕ ਖਾਦਮ ਭਏ ਸਾਰੇ
ਪੀਰ ਕਰ ਮੁਖ ਗਾਇਓ ॥
ਪੈਜ ਰਾਖੀ ਦਾਸ ਕੀ ਕਲ
ਕਾਲ ਮੈ ਸੁਨ ਲੀਜਿਐ ॥
ਸਭ ਜਗਤਿ ਮੈ ਪ੍ਰਸਿਧ ਗਾਥਾ
ਸਿਦਕ ਸਾਬਤ ਦੀਜਿਐ ॥ 34 ॥

ਦੋਹਰਾ :- ਇਹ ਪ੍ਰਸੰਗ ਪਰਨ ਭਇਓ ਸੁਨੋ ਸਿਖ ਰਿਦ ਧਾਰ ॥
ਮੁਕਤਿ ਹੋਇ ਬੰਧਨ ਕਟੈ ਪੜੈ ਸੁਣੈ ਧਰ ਪਿਆਰ ॥ 35 ॥

Sri Satguru Jagjit Singh Ji eLibrary NamdhariElibrary@gmail.com

ਬੀਨ ਬੀਨ ਕਥ ਜੇ ਕਹੋ ਤਉ ਕਛੁ ਲਹੁ ਨ ਪਾਰ ॥
ਭਾਈ ਜੀ ਕੀ ਬੰਸ ਕੀ ਗਾਥਾ ਸੁ ਬੇਸ਼ੁਮਾਰ ॥ 36 ॥
ਸ੍ਰੀ ਵਾਹਿਗੁਰੂ ਮੁਖ ਕਰੋ ਬਖਾਨ ॥
ਹਿਰਦੈ ਘਾਰੋ ਗੁਰ ਕੋ ਧਿਆਨ ॥
ਏਕ ਬਾਰ ਸੀ ਗਰ ਮਖ ਕਹੈ ॥
ਜਨਮ ਜਨਮ ਕੇ ਪਾਤਕ ਚਹੈ ॥ 37 ॥

ਤੋਟਕ ਛੰਦ :—

ਫਲ ਕਧਬੰਨ :-ਸੁਨ ਸੰਤ ਸੁ ਨਾਮਹ ਪਰੀਤ ਧਰੇ ॥
ਕਟ ਬੰਧਨ ਮੋਖ ਕੋ ਪਾਇ ਕਰੈ ॥
ਸੁਨ ਭੂਪ ਸੁ ਸਤਰਨ ਜੀਤ ਲਰੈ ॥
ਸੁਖ ਭੋਗੁ ਭੁਗੈ ਦੁਖ ਪੰਜ ਦਰੈ ॥ 37 ॥

ਧਨ ਹੀਨ ਪੜੇ ਧਨ ਪਾਇ ਘਨੋ ॥
ਦੁਖ ਦਾਰਦਿ ਕੇ ਸੁ ਪਲਾਇ ਗਨੋ ॥
ਸੁਤਿ ਹੀਨ ਜੁ ਨਾਰ ਇਜੇ ਸੁਨਿ ਹੈ ॥
ਸੁਤ ਸੁੰਦਰ ਪਾਇ ਬਡੇ ਗੁਨ ਹੈ ॥ 38 ॥

ਬਡ ਕਸਟ ਸੁ ਸੰਕਟ ਬੀਚ ਰਟੈ ॥
ਗੁਰ ਬੰਧਨ ਤਾਸ ਕੇ ਕਾਟ ਸਟੈ ॥
ਜੋਇ ਧਾਰ ਮਨੋਰਥ ਪਾਠ ਕਰੈ ॥
ਗੁਰ ਪੂਰਨ ਤਾਹਿ ਕੇ ਕਾਜ ਸਰੈ ॥ 39 ॥

ਧਰਨੇਮ ਸਿਨਾਨ ਸੁ ਨੀਤ ਕਰੇ ॥
ਮੁਖ ਪੂਰਬ ਪਸ ਚਮ ਪੀਠ ਧਰੈ ॥
ਫਲ ਚਾਰ ਲਹੈ ਕਛੁ ਸੰਸ ਨਹੀਂ ॥
ਗੁਰ ਦੇਵ ਨਜੋਗ ਦਇਆਰ ਅਹੀ ॥ 40 ॥

ਕਵਿ ਬੇਨਤੀ :—

ਕਬਿਤ :- ਮੂਰਖ ਕੇ ਸੰਗਤਿ ਅਨਗ ਤਨ ਆਨ ਗਹੇ
ਮੂਰਖ ਕੇ ਸੰਗ ਤੇ ਅਨਾਦਰ ਸੁ ਪਾਈਐ ॥
ਮੂਰਖ ਕੇ ਸੰਗ ਤੇ ਲੋਕ ਪਰਲੋਕ ਜਾਇ
ਮੂਰਖ ਕੇ ਸੰਗ ਤੇ ਸੁਅਪਜਸ ਗਾਈਐ ॥

Sri Satguru Jagjit Singh Ji eLibrary NamdhariElibrary@gmail.com

ਮੂਰਖ ਕੇ ਸੰਗ ਤੇ ਸੁ ਕੁਲਕੋ ਕਲੰਕ ਹੋਇ
ਮੂਰਖ ਕੇ ਸੰਗ ਤੇ ਸੁਜਮ ਪੁਰ ਜਾਈਐ ॥
ਸੁਨੋ ਸੰਤ ਪਿਆਰੇ ਬਿਨ ਤਹ ਪੈ ਉਚਾਰੇ
ਰਾਖੋ ਮੂੜ ਤੇ ਨਿਆਰੇ ਮੋਹ ਏਹ ਦਾਨ ਦਿਆਇਐ ॥ 41 ॥

ਬਡੋ ਅਪਰਾਧੀ ਠਗਨਿੰਦਰ ਹਰਾਮ ਖੋਰ
ਗੁਨਾਹ ਗਾਰ ਦੂਸਰੋ ਨ ਮੋਹ ਸੰਮ ਭਾਖਿਐ ॥
ਕਾਮ ਕਰੋਧ ਜੁਵਾਰੀਆਂ ਅਕਿਰਤ ਘਨ ਜਾਨ
ਲੇਹੁ ਲੋਭ ਮੋਹ ਮਦ ਮਾਨ ਇਹੈ ਅਭਿਲਾਖਿਐ ॥
ਬੇਮੁਖ ਸੁਮੰਦ ਹੋ ਬਿਸਾਸ ਘਾਤ ਅਹੰਕਾਰ ਪਰ
ਗ੍ਰਿਹ ਦਿਰਸਟ ਸੁਅਹਿ ਨਿਸ ਲਾਖਿਐ ॥
ਤੁਮਰੋ ਬਿਰਦ ਅਹੈ ਭੂਲ ਚੂਕ ਬਖਸਿੰਦ
ਸਦਾ ਬਖਸਿੰਦ ਸੁਨੀ ਸੰਤ ਤੇ ਸਾਖੀਐ ॥
ਸੰਮਤ ਸੁ ਮਹੀ ਨਿਧ ਲੋਚਨ ਪਛਾਨ ਲੇਹ
ਗ੍ਰਹ ਪੋਖ ਮਾਸ ਦਿਨ ਦੂਸਰੋ ਸੁ ਜਾਨਿਐ ॥
ਜਾਤ ਧਾਨ ਗੁਰ ਵਾਰ ਪੂਨਿਓ ਪ੍ਰਕਾਸ ਦਿਨ
ਪੂਰਨ ਸੁ ਭਈ ਪੋਥੀ ਐਸ ਉਰ ਆਨਿਐ ॥
ਭਾਈ ਬੰਨੋ ਪ੍ਰਕਾਸ ਜੀ ਕੀ ਕਥਾ ਕੋ ਬਿਲਾਸ
ਏਹੁ ਮਤ ਅਨਸਾਰ ਲਿਖੀ ਜੈਸੇ ਸੁਨੀ ਮਾਨਿਐ ॥
ਆਦਿ ਮਧ ਅੰਤ ਸਦਾ ਗੁਰ ਕੋ ਪ੍ਰਤਾਪ ਜਾਨ
ਕੋਈ ਕਾਲ ਰਾਜ ਵਿਚ ਅੰਗਰੇਜ ਭਾਨਿਐ ॥

ਦੋਹਰਾ :- ਜਵਾਹਰ ਸਿੰਘ ਕੀ ਬੇਨਤੀ ਸੁਨੋ ਸੰਤ ਧਰ ਧਿਆਨ ॥
ਭੂਲ ਚੂਕ ਜੁ ਮੁਝ ਪਰੀ ਸੋ ਛਿਮਓ ਗੁਰ ਗਿਆਨ ॥ 44 ॥

ਇਤ ਸ੍ਰੀ ਬੰਨੋ ਪ੍ਰਕਾਸ ਸਾਖੀ ਭਾਈ ਕੋਰਾ ਅਰ ਸੂਰਤ ਸਿੰਘ
ਅਰ ਕਵ ਬੇਨਤੀ ਫਲ ਬਰਨਨੰ ਨਾਮ ਛਿਤਾਲੀ ਸਮੋ ਧਿਯਾਇ
ਸਮਾਪਤ ਮਸਤ ਸੁਭ ਮਸਤ ॥ 46 ॥

—0—

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary

NamdhariElibrary@gmail.com

B- 0594

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com